KHETI DUNIYAN, PATIALA
Excellence in Agri Info

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 27-01-2024 ● Vol.42 No.04 ● Ph. : 0175-2214575, 90410-14575 ● Page : 16 E-mail : khetiduniyan1983@gmail.com

75ਵੇਂ ਗਣਤੰਤਰ ਦਿਵਸ ਦੀ ਲੱਖ-ਲੱਖ ਵਧਾਈ ਹੋਵੇ

ਕਿਸਾਨ ਵੀਰ ਜਾਗਰੂਕ ਹੋਣ

# ਕਣਕ ਦੀ ਫ਼ਸਲ ’ਤੇ ਪੀਲੀ ਕੁੰਗੀ ਦਿਖੇ ਤਾਂ ਕਰੋ ਇਲਾਜ



ਜ਼ਿਲ੍ਹਾ ਕਿਸਾਨ ਸਿਖਲਾਈ ਕੇਂਦਰ ਦੇ ਕਣਕ ਦੀ ਫ਼ਸਲ ’ਤੇ ਪੀਲੀ ਕੁੰਗੀ ਦੇ ਹਮਲੇ ਅਤੇ ਸਰਦੀ ਦੇ ਕਾਰਨ ਫ਼ਸਲਾਂ ਦੀ ਪੈਦਾਵਾਰ ’ਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਜ਼ਿਲ੍ਹਾ ਸਿਖਲਾਈ ਅਧਿਕਾਰੀ ਡਾ. ਅਮਰੀਕ ਸਿੰਘ ਅਤੇ ਖੇਤੀਬਾੜੀ ਅਧਿਕਾਰੀ ਡਾ. ਹਰਪਿੰਦਰ ਸਿੰਘ ਨੇ ਬੀਤੇ ਦਿਨੀਂ ਬਲਾਕ ਦੇ ਪਿੰਡਾਂ ਦਾ ਦੌਰਾ ਕੀਤਾ। ਖੇਤੀਬਾੜੀ ਵਿਭਾਗ ਦੀ ਟੀਮ ਨੇ ਤਿੱਬੜੀ, ਨੌਸ਼ਹਿਰਾ, ਪਿੰਡੋਰੀ ਮਹੰਤਾ, ਗਾਜੀਕੋਟ, ਗੋਹਤ ਪੋਖਰ ਆਦਿ ਪਿੰਡਾਂ ਦਾ ਦੌਰਾ ਕਰਕੇ ਹਾੜ੍ਹੀ ਦੀਆਂ ਫ਼ਸਲਾਂ ਦਾ ਜਾਇਜ਼ਾ ਲਿਆ।



ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਪਿਛਲੇ 10-15 ਦਿਨਾਂ ਤੋਂ ਅਤੇ ਬਾਦਲ ਛਾਏ ਰਹਿਣ ਕਾਰਨ ਸਰਦੀ ਵੱਧ ਗਈ ਹੈ, ਜਿਸ ਕਾਰਨ ਫ਼ਸਲਾਂ ਅਤੇ ਪਸ਼ੂਆਂ ਦੀ ਸਿਹਤ ਵੱਲ ਜ਼ਿਆਦਾ ਧਿਆਨ ਦੇਣ ਦੀ ਜ਼ਰੂਰਤ ਹੈ। ਮੌਸਮ ਵਿੱਚ ਆ ਰਹੇ ਬਦਲਾਅ ਦੇ ਕਾਰਨ ਕਣਕ ਦੀ ਫ਼ਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ। ਪਿਛਲੇ 10-15 ਦਿਨਾਂ ਤੋਂ ਜੋ ਧੁੰਦ ਪੈ ਰਹੀ ਹੈ ਅਤੇ ਧੁੱਪ ਨਹੀਂ ਨਿਕਲ ਰਹੀ ਹੈ, ਇਸ ਦੇ ਕਾਰਨ ਪੌਦਿਆਂ ਵਿੱਚ ਪ੍ਰਕਾਸ਼ ਸੰਸ਼ਲੇਸ਼ਣ ਪ੍ਰਕਿਰਿਆ ਪ੍ਰਭਾਵਿਤ ਹੋਈ ਹੈ, ਜਿਸ ਦੇ ਚੱਲਦਿਆਂ ਕਣਕ ਦੀਆਂ ਕਈ ਕਿਸਮਾਂ ਦੇ ਪੱਤੇ ਪੀਲੇ ਪੈ ਗਏ ਹਨ। ਅਜਿਹੇ ਵਿੱਚ ਕਿਸਾਨਾਂ ਨੂੰ ਬਿਲਕੁੱਲ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਧੁੱਪ ਨਿਕਲਣ ਅਤੇ ਮੌਸਮ ਸਾਫ਼ ਹੋਣ ’ਤੇ ਕਣਕ ਦੀ ਫ਼ਸਲ ਖੁਦ-ਬ-ਖੁਦ ਠੀਕ ਹੋ ਜਾਵੇਗੀ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਸੇਮ ਵਾਲੀ ਜਗ੍ਹਾ ’ਤੇ ਕਣਕ ਦੀ ਫ਼ਸਲ ਦੇ ਹੇਠਲੇ ਪੱਤੇ ਪੀਲੇ ਪੈ ਗਏ ਹਨ। ਇਸ ਦਾ ਕਾਰਨ ਪੌਦਿਆਂ ਦੀਆਂ ਜੜ੍ਹਾਂ ਕੋਲ ਆਕਸੀਜਨ ਦੀ ਕਮੀ ਹੁੰਦੀ ਹੈ। ਜੇਕਰ ਕਣਕ ਦੀ ਫ਼ਸਲ ਕੁਝ ਪੀਲੀ ਹੋ ਗਈ ਹੈ ਤਾਂ ਪ੍ਰਤੀ ਏਕੜ 3 ਕਿਲੋ ਯੂਰੀਆ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰ ਦੇਣਾ ਚਾਹੀਦਾ ਹੈ।

### ਉਂਗਲੀਆਂ ’ਤੇ ਪੀਲਾ ਪਾਊਡਰ ਲੱਗੇ ਤਾਂ ਸਮਝੋ ਬਿਮਾਰੀ ਦਾ ਹਮਲਾ

ਡਾ. ਹਰਪਿੰਦਰ ਸਿੰਘ ਨੇ ਦੱਸਿਆ ਕਿ ਇਸ ਪਹਾੜੀ ਜ਼ਿਲ੍ਹੇ ਵਿੱਚ ਕਣਕ ਦੀ ਫ਼ਸਲ ’ਤੇ ਪੀਲੀ ਕੁੰਗੀ ਬਿਮਾਰੀ ਦੇ ਹਮਲੇ ਦਾ ਖਦਸ਼ਾ ਬਣਿਆ ਰਹਿੰਦਾ ਹੈ। ਪੀਲੀ ਕੁੰਗੀ ਸਭ ਤੋਂ ਪਹਿਲਾਂ ਹੇਠਲੇ ਪੱਤਿਆਂ ’ਤੇ ਹਮਲਾ ਕਰਦੀ ਹੈ, ਜੋ ਪੀਲੇ ਰੰਗ ਦੇ ਪਾਊਡਰ ਦੇ ਰੂਪ ਵਿੱਚ ਲੰਬੀਆਂ ਧਾਰੀਆਂ ਵਜੋਂ ਦਿਖਾਈ ਦਿੰਦੀ ਹੈ। ਜੇਕਰ ਪ੍ਰਭਾਵਿਤ ਪੱਤਿਆਂ ਨੂੰ ਦੋ ਉਂਗਲਾਂ ਵਿੱਚ ਪਕੜਿਆ ਜਾਵੇ ਤਾਂ ਉਂਗਲ ’ਤੇ ਪੀਲਾ ਪਾਊਡਰ ਲੱਗ ਜਾਂਦਾ ਹੈ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਖੇਤਾਂ ਦਾ ਨਿਰੰਤਰ ਨਿਰੀਖਣ ਕਰਦੇ ਰਹਿਣ ਅਤੇ ਜਦੋਂ ਵੀ ਪੀਲੀ ਕੁੰਗੀ ਦੇ ਹਮਲੇ ਦੇ ਸ਼ੁਰੂਆਤੀ ਲੱਛਣ ਦਿਖਾਈ ਦੇਣ ਤਾਂ ਤੁਰੰਤ 200 ਮਿਲੀਲੀਟਰ ਪ੍ਰੋਪੀਕੋਨਾਜ਼ੋਲ 25 ਈ. ਸੀ. ਜਾਂ 200 ਗ੍ਰਾਮ ਟੈਬੂਕੋਨਾਜ਼ੋਲ ਜਾਂ 120 ਗ੍ਰਾਮ ਨੈਟੀਵੋ ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰ ਦਿਓ।




ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ
ਮਾਰਚ 2024 ਵਿੱਚ ਲਗਾਏ ਜਾ ਰਹੇ

## ਕਿਸਾਨ ਮੇਲੇ

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ
ਦੋ ਰੋਜ਼ਾ ਕਿਸਾਨ ਮੇਲਾ 14 ਅਤੇ 15 ਮਾਰਚ

ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ) 5 ਮਾਰਚ

ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) 7 ਮਾਰਚ

ਬਠਿੰਡਾ 12 ਮਾਰਚ

ਫਰੀਦਕੋਟ 18 ਮਾਰਚ

ਗੁਰਦਾਸਪੁਰ 20 ਮਾਰਚ

ਰੌਣੀ (ਪਟਿਆਲਾ) 22 ਮਾਰਚ

ਤਿੰਨ ਰੋਜ਼ਾ ਪੂਸਾ ਕ੍ਰਿਸ਼ੀ ਵਿਗਿਆਨ ਕਿਸਾਨ ਮੇਲਾ, ਦਿੱਲੀ ਵਿਖੇ 28 ਫਰਵਰੀ ਤੋਂ 1 ਮਾਰਚ ਤੱਕ

# ਕਣਕ ਦਾ ਝਾੜ ਵਧਾਉਣ ਦੇ ਨੁਕਤੇ



**ਕ੍ਰਿਸ਼ਨ ਕੁਮਾਰ ਸ਼ਰਮਾ ਤੇ ਬਲਵਿੰਦਰ ਸਿੰਘ ਢਿੱਲੋਂ**

ਕਣਕ ਦਾ ਝਾੜ ਅਤੇ ਗੁਣਵੱਤਾ ਵਧਾਉਣ ਲਈ ਕਣਕ ਦੀਆਂ ਬਿਮਾਰੀਆਂ ਦੀ ਰੋਕਥਾਮ ਕਰਕੇ ਸੁਚੱਜੀ ਕਾਸ਼ਤ ਹੇਠ ਲਿਖੇ ਅਨੁਸਾਰ ਕਰ ਸਕਦੇ ਹਾਂ।

## ਪੀਲੀ ਕੁੰਗੀ ਦੀ ਪਛਾਣ

ਪੱਤਿਆਂ ਤੇ ਲੰਮੀਆਂ ਧਾਰੀਆਂ ਦੇ ਰੂਪ ਵਿਚ ਪੀਲੇ ਧੱਬੇ ਦਿਖਾਈ ਦਿੰਦੇ ਹਨ ਜਿਨ੍ਹਾਂ ਤੇ ਪੀਲਾ ਹਲਦੀ ਨੁਮਾ ਧੂੜਾ ਨਜ਼ਰ ਆਉਂਦਾ ਹੈ।

**ਰੋਕਥਾਮ** : ਰੋਗ ਰਹਿਤ ਕਿਸਮਾਂ ਜਿਵੇਂ ਕਿ ਪੀ ਬੀ ਡਬਲਯੂ-725, ਉੱਨਤ ਪੀ ਬੀ ਡਬਲਯੂ-500, ਪੀ ਬੀ ਡਬਲਯੂ-752, ਡਬਲਯੂ ਐਚ ਡੀ-943, ਪੀ ਡੀ ਡਬਲਯੂ-291 ਅਤੇ ਪੀ ਬੀ ਡਬਲਯੂ-660 ਬੀਜੋ। ਨੀਮ ਪਹਾੜੀ ਇਲਾਕਿਆਂ ਵਿਚ ਅਕਤੂਬਰ ਵਿਚ ਕਣਕ ਦੀ ਬਿਜਾਈ ਨਾ ਕਰੋ। ਸ਼ੁਰੂ ਵਿਚ ਪੀਲੀ ਕੁੰਗੀ ਦੇ ਹਮਲੇ ਵਾਲੀਆਂ ਧੌੜੀਆਂ ਤੇ ਹੀ ਉੱਲੀਨਾਸ਼ਕਾਂ ਦਾ ਛਿੜਕਾਅ ਕਰੋ। ਬਿਮਾਰੀ ਨਜ਼ਰ ਆਉਣ ਤੇ 200 ਗ੍ਰਾਮ ਕੈਵੀਅਟ 25



ਡਬਲਯੂ ਜੀ (ਟੈਬੂਕੋਨਾਜ਼ੋਲ) ਜਾਂ 120 ਗ੍ਰਾਮ ਨਟੀਵੋ 75 ਡਬਲਯੂ ਜੀ (ਟ੍ਰਾਈਫਲੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿ.ਲਿ. ਅੰਮਪੈਕਟ ਐਕਸਟਰਾ ਐਜ਼ੋਕਸੀਸਟ੍ਰੋਬਿਨ + ਸਾਇਪਰਾਕੋਨਾਜ਼ੋਲ) ਜਾਂ 200 ਮਿ.ਲਿ. ਉਪੇਰਾ 18.3 ਐਸ ਈ (ਪਾਈਰੈਕਲੋਸਟ੍ਰੋਬਿਨ + ਇਪੋਕਸੀਕੋਨਾਜ਼ੋਲ) ਜਾਂ 200 ਮਿ.ਲਿ. ਕਸਟੋਡੀਆ 320 ਐਸ ਸੀ (ਐਜ਼ੋਕਸੀਸਟ੍ਰੋਬਿਨ + ਟੈਬੂਕੋਨਾਜ਼ੋਲ) ਜਾਂ 200 ਮਿ.ਲਿ. ਟਿਲਟ 25 ਈਸੀ/ਸ਼ਾਈਨ 25 ਈਸੀ/ਬੰਪਰ 25 ਈ ਸੀ/ਸਟਿਲਟ 25 ਈ ਸੀ/ਕੰਪਾਸ 25 ਈ ਸੀ/ਮਾਰਕਜ਼ੋਲ 25 ਈ ਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਲੋੜ ਪੈਣ 'ਤੇ ਇਹ ਛਿੜਕਾਅ ਫਿਰ ਦੁਹਰਾਉ ਤਾਂ ਜੋ ਟੀਸੀ ਵਾਲਾ ਪੱਤਾ ਬਿਮਾਰੀ ਰਹਿਤ ਰਹੇ।

## ਕਾਂਗਿਆਰੀ ਦੀ ਪਛਾਣ

ਇਸ ਬਿਮਾਰੀ ਦਾ ਅਸਰ ਉਸ ਵੇਲੇ ਦਿਸਦਾ ਹੈ ਜਦੋਂ ਸਿੱਟਿਆਂ ਵਿਚ ਦਾਣੇ ਬਣ ਰਹੇ ਹੁੰਦੇ ਹਨ। ਦਾਣਿਆਂ ਦੇ ਅੰਦਰ ਕਾਲਾ ਜਿਹਾ ਧੂੜਾ ਬਣ ਜਾਂਦਾ ਹੈ ਜੋ ਕਿ ਹਲਕੇ ਝਟਕੇ, ਹਵਾ ਜਾਂ ਮੀਂਹ ਦੇ ਛਿੱਟੇ ਨਾਲ ਉੱਡ ਜਾਂਦਾ ਹੈ।

**ਪੱਤਿਆਂ ਦੀ ਕਾਂਗਿਆਰੀ ਦੀ ਪਛਾਣ** : ਪੱਤਿਆਂ ਦੇ ਉੱਪਰ ਸਲੇਟੀ ਜਾਂ ਕਾਲੇ ਰੰਗ ਦੀ ਧਾਰੀਆਂ ਬਣ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਫੱਟਣ ਤੋਂ ਕਾਲੇ ਜਿਹੇ ਕਣ (ਉੱਲੀ ਦੇ ਬਿਜਾਣੂ) ਨਿਕਲ ਪੈਂਦੇ ਹਨ। ਬਿਮਾਰੀ ਵਾਲੇ ਪੱਤੇ ਘੁਰਣ-ਮੁਰਣ ਜਾਂਦੇ ਹਨ। ਪੌਦੇ ਦਾ ਆਕਾਰ ਘੱਟ ਜਾਂਦਾ ਹੈ।

**ਰੋਕਥਾਮ** : ਇਹਨਾਂ ਬਿਮਾਰੀਆਂ ਦੀ ਰੋਕਥਾਮ ਲਈ ਰੋਗ ਰਹਿਤ ਕਿਸਮਾਂ



ਜਿਵੇਂ ਕਿ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਦੀ ਕਾਸ਼ਤ ਕੀਤੀ ਜਾਵੇ।

ਇਹਨਾਂ ਬਿਮਾਰੀਆਂ ਦੀ ਰੋਕਥਾਮ ਲਈ ਬਿਜਾਈ ਤੋਂ ਪਹਿਲਾਂ ਬੀਜ ਨੂੰ ਸਿਫਾਰਸ਼ ਕੀਤੇ ਉੱਲੀ ਨਾਸ਼ਕਾਂ ਜਿਵੇਂ ਕਿ 13 ਮਿ. ਲਿ. ਰੈਕਸਿਲ ਈਜੀ/ਔਰੀਅਸ 6 ਐਫ ਐਸ (ਟੈਬੂਕੋਨਾਜ਼ੋਲ) ਨੂੰ 400 ਮਿ.ਲਿ. ਪਾਣੀ ਵਿਚ ਘੋਲ ਕੇ ਜਾਂ 120 ਗ੍ਰਾਮ ਵਿਟਾਵੈਕਸ 75 ਪਾਵਰ 75 ਡਬਲਿਊ ਐਸ (ਕਾਰਬੋਕਸਿਨ + ਟੈਟਰਾਮਿਥਾਇਲ ਥਾਇਰਮ ਡਾਈਸਲਫਾਈਡ) ਜਾਂ 80 ਗ੍ਰਾਮ ਵਿਟਾਵੈਕਸ 75 ਡਬਲਿਊ ਪੀ (ਕਾਰਬੋਕਸਿਨ) ਜਾਂ 40 ਗ੍ਰਾਮ ਸੀਡੈਕਸ 2 ਡੀ. ਐਸ/ਐਕਸਜ਼ੋਲ 2 ਡੀ. ਐਸ (ਟੈਬੂਕੋਨਾਜ਼ੋਲ) ਪ੍ਰਤੀ 40 ਕਿਲੋ ਬੀਜ ਦੀ ਦਰ ਅਨੁਸਾਰ ਸੋਧੋ।

**ਕਾਂਗਿਆਰੀ ਦੀ ਰੋਕਥਾਮ** : ਕਾਂਗਿਆਰੀ ਦੀ ਰੋਕਥਾਮ ਲਈ ਮਈ-ਜੂਨ ਦੇ ਮਹੀਨੇ ਕਣਕ ਦੇ ਬੀਜ ਨੂੰ ਖੂਬ ਧੁੱਪ ਵਾਲੇ ਦਿਨ ਸਵੇਰੇ 8 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਆਮ ਪਾਣੀ ਵਿਚ ਭਿਉਂ ਕੇ ਰੱਖੋ। ਬਾਅਦ ਵਿਚ ਇਸ ਬੀਜ ਦੀ ਪਤਲੀ ਤਹਿ ਪੱਕੇ ਫਰਸ਼, ਚਟਾਈਆਂ ਜਾਂ ਤਰਪਾਲਾਂ ਉੱਪਰ ਵਿਛਾ ਕੇ ਅਤੇ ਧੁੱਪ ਵਿਚ ਸੁੱਕਾ ਕੇ ਖੁਸ਼ਕ ਥਾਂ 'ਤੇ ਰੱਖੋ।

ਪੱਤਿਆਂ ਦੀ ਕਾਂਗਿਆਰੀ ਦੀ ਰੋਕਥਾਮ ਲਈ ਡੂੰਘੀ ਬਿਜਾਈ ਨਾ ਕਰੋ। ਬਿਮਾਰੀ ਵਾਲੇ ਬੂਟਿਆਂ ਨੂੰ ਪੁੱਟ ਕੇ ਉਨ੍ਹਾਂ ਦਾ ਨਾਸ਼ ਕਰ ਦਿਉ।

## ਭੂਰੀ ਕੁੰਗੀ ਦੀ ਪਛਾਣ

ਗੋਲ ਸੰਤਰੀ ਰੰਗ ਦੇ ਧੱਬੇ ਜੋ ਕਿ ਬੇਤਰਤੀਬੇ ਜਾਂ ਇਕੱਠੇ ਹੁੰਦੇ ਹਨ, ਪੱਤਿਆਂ 'ਤੇ ਪੈ ਜਾਂਦੇ ਹਨ ਜਿਨ੍ਹਾਂ 'ਤੇ ਸੰਤਰੀ ਰੰਗਾ ਧੂੜਾ ਨਜ਼ਰ ਆਉਂਦਾ ਹੈ।

**ਰੋਕਥਾਮ** : ਰੋਗ ਰਹਿਤ ਕਿਸਮਾਂ ਜਿਵੇਂ ਕਿ ਪੀ ਬੀ ਡਬਲਯੂ 824, ਪੀ ਬੀ ਡਬਲਯੂ 869, ਪੀ ਬੀ ਡਬਲਯੂ 803, ਡੀ ਬੀ ਡਬਲਯੂ 222, ਡੀ ਬੀ ਡਬਲਯੂ 187, ਪੀ ਬੀ ਡਬਲਯੂ 725, ਉੱਨਤ ਪੀ ਬੀ ਡਬਲਯੂ 343, ਉੱਨਤ ਪੀ ਬੀ ਡਬਲਯੂ 550, ਐਚ ਡੀ 3226, ਪੀ ਬੀ ਡਬਲਯੂ 771, ਪੀ ਬੀ ਡਬਲਯੂ 757, ਡਬਲਯੂ ਐਚ ਡੀ 943, ਪੀ ਡੀ ਡਬਲਯੂ 291, ਪੀ ਬੀ ਡਬਲਯੂ 660 ਬੀਜੋ।

ਬੀਮਾਰੀ ਨਜ਼ਰ ਆਉਣ 'ਤੇ 200 ਮਿਲੀਲਿਟਰ ਟਿਲਟ 25 ਈ ਸੀ/ਸ਼ਾਈਨ 25 ਈ ਸੀ/ਬੰਪਰ 25 ਈ ਸੀ/ਸਟਿਲਟ 25 ਈ ਸੀ/ਕੰਪਾਸ 25 ਈ ਸੀ/ਮਾਰਕਜ਼ੋਲ 25 ਈ ਸੀ (ਪ੍ਰੋਪੀਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

## ਕਰਨਾਲ ਬੰਟ ਦੀ ਪਛਾਣ

ਇਸ ਬਿਮਾਰੀ ਨਾਲ ਸਿੱਟਿਆਂ ਵਿਚ ਕੁਝ ਦਾਣਿਆਂ ਦੇ ਹਿੱਸੇ 'ਤੇ ਅਸਰ ਹੁੰਦਾ ਹੈ। ਜੇਕਰ ਬਿਮਾਰੀ ਵਾਲੇ ਦਾਣਿਆਂ ਨੂੰ ਹੱਥਾਂ ਵਿਚ ਲੈ ਕੇ ਮਲਿਆ ਜਾਵੇ ਤਾਂ



ਕਾਲੇ ਰੰਗ ਦੇ ਕਿਣਕੇ ਬਾਹਰ ਨਿਕਲਦੇ ਹਨ ਜਿਨ੍ਹਾਂ ਦੀ ਭੈੜੀ ਦੁਰਗੰਧ ਹੁੰਦੀ ਹੈ।

**ਰੋਕਥਾਮ** : ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਜਿਵੇਂ ਕਿ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ-291 ਬੀਜੋ। ਬੀਜ ਵਾਲੀ ਫਸਲ ਤੇ 200 ਮਿਲੀਲਿਟਰ ਟਿਲਟ 25 ਈ ਸੀ (ਪ੍ਰੋਪੀਕੋਨਾਜ਼ੋਲ) ਨੂੰ ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿਚ ਘੋਲ ਕੇ ਸਿੱਟੇ ਨਿਕਲਣ ਵੇਲੇ ਇਕ ਛਿੜਕਾਅ ਕਰੋ।

# ਨੀਮ-ਖੁਸ਼ਕ ਖੇਤਰ ਵਿੱਚ ਬਾਗਾਂ ਤੋਂ ਵਧੇਰੇ ਉਤਪਾਦਨ ਲੈਣ ਲਈ ਖਾਦ-ਪ੍ਰਬੰਧ

**ਸੁਖਵਿੰਦਰ ਸਿੰਘ, ਚੇਤਕ, ਬਿਸ਼ਨੋਈ ਅਤੇ ਅੰਗਰੇਜ਼ ਸਿੰਘ,**
**ਖੇਤਰੀ ਖੋਜ ਕੇਂਦਰ, ਪੀ. ਏ. ਯੂ., ਬਠਿੰਡਾ (ਮੋਬਾਇਲ 94664-06429)**

ਫਲਦਾਰ ਪੌਦਿਆਂ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਣ ਦੇ ਨਾਲ ਨਾਲ ਗੁਣਵੱਤਾ ਭਰਪੂਰ ਅਤੇ ਵਧੇਰੇ ਫਲ ਉਤਪਾਦਨ ਲੈਣ ਲਈ ਜੈਵਿਕ ਖਾਦ ਜਿਵੇਂ ਰੂੜੀ ਦੀ ਖਾਦ ਅਤੇ ਰਸਾਇਣਕ ਖਾਦਾਂ ਦੀ ਸੰਯੁਕਤ ਵਰਤੋਂ ਵਧੇਰੇ ਲਾਭਦਾਇਕ ਹੋ ਸਕਦੀ ਹੈ।

**ਰੂੜੀ ਦੀ ਖਾਦ** : ਦੇਸੀ ਰੂੜੀ ਦੀ ਖਾਦ ਦਾ ਜ਼ਮੀਨ ਦੀਆਂ ਭੌਤਿਕ-ਰਸਾਇਣਕ ਪ੍ਰਤੀਕਿਰਿਆਵਾਂ ਸੰਚਾਲਿਤ ਕਰਨ ਵਿਚ ਅਹਿਮ ਰੋਲ ਹੁੰਦਾ ਹੈ। ਇਸ ਨਾਲ ਜ਼ਮੀਨ ਵਿਚ ਸੂਖਮ ਜੀਵ ਕਿਰਿਆਵਾਂ ਗਤੀਸ਼ੀਲ ਹੁੰਦੀਆਂ ਹਨ ਜਿਸ ਨਾਲ ਪੌਦੇ ਦੀਆਂ ਜੜ੍ਹਾਂ ਦੁਆਲੇ ਹਵਾਖੋਰੀ ਅਤੇ ਨਮੀਂ ਬਰਕਰਾਰ ਰਹਿਣ ਕਰਕੇ, ਖਾਸ ਕਰਕੇ ਖੁਸ਼ਕ ਖੇਤਰਾਂ ਵਿਚ ਖੁਰਾਕੀ ਤੱਤਾਂ ਦੀ ਉਪਲੱਭਤ ਮਾਤਰਾ ਪੌਦੇ ਤੱਕ ਲਗਾਤਾਰ ਪਹੁੰਚਣ ਵਿਚ ਸੌਖ ਰਹਿੰਦੀ ਹੈ, ਨਤੀਜੇ ਵਜੋਂ ਫਲਦਾਰ ਪੌਦੇ ਲੰਬੇ ਸਮੇਂ ਤੱਕ ਚੰਗੀ ਗੁਣਵੱਤਾ ਵਾਲਾ ਵਾਧੂ ਝਾੜ ਦੇ ਸਕਦੇ ਹਨ। ਪ੍ਰਚੱਲਿਤ ਧਾਰਨਾ ਹੈ ਕਿ 'ਰੂੜੀ ਦੀ ਵਰਤੋਂ ਇਕ ਸਾਲ ਛੱਡ ਕੇ ਕੀਤੀ ਜਾ ਸਕਦੀ ਹੈ' ਦੀ ਬਜਾਇ ਬਾਗਾਂ ਨੂੰ ਰੂੜੀ ਦੀ ਖਾਦ ਹਰ ਸਾਲ ਪਾਉਣੀ ਚਾਹੀਦੀ ਹੈ। ਰੂੜੀ ਦੀ ਖਾਦ ਬਾਗ ਦੀ ਉਮਰ ਦੇ ਹਿਸਾਬ ਨਾਲ ਸਿਫਾਰਿਸ਼ ਕੀਤੀ ਮਾਤਰਾ, ਅਮਰੂਦ ਅਤੇ ਬੇਰ ਨੂੰ ਮਾਰਚ-ਅਪ੍ਰੈਲ ਜਦ ਕਿ ਬਾਕੀ ਫਲਦਾਰ ਬੂਟਿਆਂ ਨੂੰ ਦਸੰਬਰ ਮਹੀਨੇ ਪਾਉਣੀ ਚਾਹੀਦੀ ਹੈ।

**ਨਾਈਟ੍ਰੋਜਨ** : ਨਾਈਟ੍ਰੋਜਨ ਤੱਤ ਲਈ ਯੂਰੀਆ ਖਾਦ ਨਿੰਬੂ ਜਾਤੀ ਅਤੇ ਹੋਰ ਪੱਤਝੜੀ ਪੌਦਿਆਂ ਲਈ ਦੋ ਕਿਸ਼ਤਾਂ ਪਹਿਲੀ ਫਰਵਰੀ ਅਤੇ ਦੂਜੀ ਅਪ੍ਰੈਲ ਵਿਚ ਪਾਓ ਜਦ ਕਿ ਅਮਰੂਦ ਅਤੇ ਬੇਰ ਲਈ ਨਾਈਟ੍ਰੋਜਨ ਵਾਲੀ ਖਾਦ ਦੀ ਪਹਿਲੀ ਕਿਸ਼ਤ ਮਈ-ਜੂਨ ਅਤੇ ਦੂਜੀ ਸਤੰਬਰ-ਅਕਤੂਬਰ ਵਿਚ ਪਾ ਦਿਓ।

**ਫਾਸਫੋਰਸ** : ਫਾਸਫੋਰਸ ਤੱਤ ਲਈ ਖਾਦ ਡੀ. ਏ. ਪੀ. ਵਰਤੀ ਜਾ ਸਕਦੀ ਹੈ ਪਰ ਸਿੰਗਲ ਸੁਪਰ ਫਾਸਫੇਟ ਨੂੰ ਤਰਜੀਹ ਦੇਣ ਨਾਲ ਪੌਦਿਆਂ ਨੂੰ ਕੈਲਸ਼ੀਅਮ ਅਤੇ ਸਲਫਰ ਤੱਤ ਵੀ ਮਿਲ ਜਾਂਦੇ ਹਨ। ਫਾਸਫੇਟ ਖਾਦ ਦੀ ਸਿਫਾਰਿਸ਼ ਕੀਤੀ ਮਾਤਰਾ ਨਾਈਟ੍ਰੋਜਨ ਵਾਲੀ ਖਾਦ ਦੀ ਪਹਿਲੀ ਕਿਸ਼ਤ ਦੇ ਨਾਲ ਹੀ ਪਾ ਦੇਣੀ ਚਾਹੀਦੀ ਹੈ।

**ਪੋਟਾਸ਼ੀਅਮ** : ਪੋਟਾਸ਼ੀਅਮ ਦੀ ਪੂਰਤੀ ਲਈ ਮਿਊਰੇਟ ਆਫ ਪੋਟਾਸ਼ ਦੀ ਲੋੜੀਂਦੀ ਮਾਤਰਾ ਯੂਰੀਆ ਖਾਦ ਦੀ ਪਹਿਲੀ ਕਿਸ਼ਤ ਦੇ ਨਾਲ ਹੀ ਪਾ ਦਿਉ। ਆਰਥਿਕ ਫਾਇਦੇਮੰਦੀ ਲਈ ਪੋਟਾਸ਼ ਖਾਦ ਦੀ ਵਰਤੋਂ ਮਿੱਟੀ ਪਰਖ ਰਿਪੋਰਟ ਦੇ ਆਧਾਰ ਤੇ ਹੀ ਕਰੋ।

ਪ੍ਰੰਤੂ, ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਛਿੜਕਾਅ ਕਰਕੇ ਫਲਾਂ ਦੀ ਗੁਣਵੱਤਾ ਵੱਧਦੀ ਹੈ, ਭਾਰ ਵਧਣ ਸਦਕਾ ਝਾੜ ਵੱਧਦਾ ਹੈ ਅਤੇ ਇਸ ਦੀ ਵਰਤੋਂ ਧੂੰਦ-ਧੂੰਏ ਵਾਲੇ ਮੌਸਮ (ਅਕਤੂਬਰ-ਨਵੰਬਰ ਮਹੀਨੇ) ਦੌਰਾਨ ਫਲਦਾਰ ਪੌਦਿਆਂ, ਖਾਸ ਕਰਕੇ ਕਿੰਨੂ ਲਈ ਬਹੁਤ ਲਾਭਦਾਇਕ ਹੁੰਦੀ ਹੈ। ਕਿੰਨੂ ਉੱਪਰ ਪੋਟਾਸ਼ੀਅਮ ਨਾਈਟ੍ਰੇਟ ਦਾ ਛਿੜਕਾਅ 10 ਗਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਮਈ, ਜੂਨ ਅਤੇ ਜੁਲਾਈ ਵਿਚ ਕਰੋ ਜਦਕਿ ਅਮਰੂਦ ਉੱਪਰ ਇਸਦਾ ਛਿੜਕਾਅ 20 ਗਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਅਗਸਤ ਮਹੀਨੇ ਫਲ ਪੈਣ ਤੋਂ ਬਾਅਦ ਅਤੇ ਦੁਬਾਰਾ ਸਤੰਬਰ ਮਹੀਨੇ ਵਿਚ ਕਰੋ। ਬੇਰਾਂ ਲਈ ਪੋਟਾਸ਼ੀਅਮ ਨਾਈਟ੍ਰੇਟ ਦਾ ਛਿੜਕਾਅ 15 ਗਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਅੱਧ ਨਵੰਬਰ ਅਤੇ ਅੱਧ ਜਨਵਰੀ ਵਿਚ ਕਰੋ।

**ਲਘੂ ਤੱਤਾਂ ਦੀ ਕਮੀ ਦੀ ਪੂਰਤੀ** : ਫਲਦਾਰ ਬੂਟਿਆਂ ਵਿਚ ਲਘੂ ਤੱਤਾਂ ਦੀ ਕਮੀ ਨਾਲ ਪੱਤਿਆਂ ਦਾ ਹਰਾ ਰੰਗ ਖਰਾਬ ਹੋ ਜਾਂਦਾ ਹੈ ਅਤੇ ਆਕਾਰ ਛੋਟਾ ਰਹਿ ਜਾਂਦਾ ਹੈ ਜਿਸ ਕਰਕੇ ਝਾੜ ਘਟ ਜਾਂਦਾ ਹੈ। ਗੰਭੀਰ ਸਥਿਤੀ ਵਿਚ ਬੂਟੇ ਮਰ ਜਾਂਦੇ ਹਨ ਅਤੇ ਵਿੱਤੀ ਨੁਕਸਾਨ ਸਹਿਣ ਕਰਨਾ ਪੈਂਦਾ ਹੈ। ਇਸ ਲਈ ਹਲਕੀਆਂ, ਖਾਰੀਆਂ ਜ਼ਮੀਨਾਂ ਵਿਚ ਨਿੰਬੂ ਜਾਤੀ ਅਤੇ ਅਮਰੂਦ ਦੀ ਕਾਸ਼ਤ ਸਮੇਂ ਲਘੂ ਤੱਤਾਂ ਦੀ ਪੂਰਤੀ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ।

ਅਮਰੂਦ ਵਿਚ ਜ਼ਿੰਕ ਦੀ ਕਮੀ ਦੂਰ ਕਰਨ ਲਈ 10 ਗ੍ਰਾਮ ਜ਼ਿੰਕ ਸਲਫੇਟ ਪ੍ਰਤੀ ਲਿਟਰ ਪਾਣੀ ਅਤੇ ਅਣਬੁਝਿਆ ਚੂਨਾ 5 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਨੂੰ ਮਿਲਾ ਕੇ, ਪੰਦਰਾਂ ਦਿਨਾਂ ਦੇ ਅੰਤਰਾਲ ਤੇ ਜੂਨ ਤੋਂ ਸਤੰਬਰ ਤੱਕ 2-3 ਛਿੜਕਾਅ ਕਰੋ। ਨਿੰਬੂ ਜਾਤੀ ਦੇ ਫਲਾਂ ਲਈ ਜ਼ਿੰਕ ਸਲਫੇਟ 4.7 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ, ਚੂਨੇ ਦੀ ਵਰਤੋਂ ਬਿਨਾਂ, ਅੱਧ ਅਪ੍ਰੈਲ ਅਤੇ ਅੱਧ ਅਗਸਤ ਵਿਚ ਕਰੋ।

ਨਿੰਬੂ ਜਾਤੀ ਦੇ ਪੌਦਿਆਂ ਵਿਚ ਮੈਂਗਨੀਜ਼ ਦੀ ਘਾਟ ਦੂਰ ਕਰਨ ਲਈ ਮੈਂਗਨੀਜ਼ ਸਲਫੇਟ ਦਾ 3.3 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਦੋ ਛਿੜਕਾਅ ਪਹਿਲਾ ਅਪ੍ਰੈਲ ਅਤੇ ਦੂਜਾ ਸਤੰਬਰ ਵਿਚ ਕਰੋ।

ਧਿਆਨ ਰਹੇ ਕਿ ਬੋਰਡੋ ਮਿਕਸਰ ਅਤੇ ਜ਼ਿੰਕ ਸਲਫੇਟ ਜਾਂ ਮੈਂਗਨੀਜ਼ ਸਲਫੇਟ ਦੇ ਛਿੜਕਾਅ ਦਰਮਿਆਨ ਘੱਟੋ-ਘੱਟ ਇਕ ਹਫਤੇ ਦਾ ਅੰਤਰ ਜ਼ਰੂਰ ਹੋਵੇ।

# ਬਹਾਰ ਰੁੱਤ ਦੀ ਮੱਕੀ ਵਿੱਚ ਪਾਣੀ ਦੀ ਬੱਚਤ ਅਤੇ ਸਫਲ ਕਾਸ਼ਤ ਲਈ ਅਹਿਮ ਨੁਕਤੇ

ਤੋਸ਼ ਗਰਗ, ਮਹੇਸ਼ ਕੁਮਾਰ ਅਤੇ ਐਸ ਕੇ ਸੰਧੂ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ (ਮੱਕੀ ਸੈਕਸ਼ਨ), ਪੀ. ਏ. ਯੂ., ਲੁਧਿਆਣਾ (ਮੋ.90415-04496

**ਕਣਕ ਅਤੇ ਝੋਨੇ ਤੋਂ ਇਲਾਵਾ ਮੱਕੀ ਦੀ ਫਸਲ ਦੀ ਕਾਸ਼ਤ ਬਹੁਤ ਮਹੱਤਵਪੂਰਨ ਫਸਲ ਹੈ । ਮਨੁੱਖਾਂ ਅਤੇ ਪਸ਼ੂਆਂ ਦੀ ਖੁਰਾਕ ਤੋਂ ਇਲਾਵਾ ਇਸ ਦੀ ਉਦਯੋਗਿਕ ਮਹੱਤਤਾ ਵੀ ਬਹੁਤ ਵੱਧ ਰਹੀ ਹੈ । ਪੰਜਾਬ ਵਿਚ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਆਲੂ ਦੀ ਫਸਲ ਤੋਂ ਬਾਅਦ ਫਸਲੀ ਚੱਕਰ ਦਾ ਅਹਿਮ ਹਿੱਸਾ ਬਣ ਚੁੱਕੀ ਹੈ । ਪਰ ਪੱਕਣ ਸਮੇਂ ਵਧੇਰੇ ਤਾਪਮਾਨ ਹੋਣ ਕਾਰਨ ਫਸਲ ਨੂੰ ਜ਼ਿਆਦਾ ਪਾਣੀ ਦੀ ਜ਼ਰੂਰਤ ਪੈਂਦੀ ਹੈ । ਫਸਲ ਦੀ ਸਮੇਂ ਸਿਰ, ਬੈੱਡਾਂ ਤੇ ਬਿਜਾਈ ਅਤੇ ਤੁਪਕਾ ਸਿੰਚਾਈ ਰਾਹੀਂ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ । ਬਹਾਰ ਰੁੱਤ ਦੀ ਸਫਲ ਕਾਸ਼ਤ ਅਤੇ ਪਾਣੀ ਦੀ ਬੱਚਤ ਲਈ ਹੇਠ ਲਿਖੇ ਸੁਝਾਵਾਂ ਨੂੰ ਅਪਨਾਉਣ ਦੀ ਲੋੜ ਹੈ :**



★ ਬਹਾਰ ਰੁੱਤ ਦੀ ਫਸਲ ਤੋਂ ਜ਼ਿਆਦਾ ਝਾੜ ਲੈਣ ਲਈ, ਇਸ ਦੀ ਬਿਜਾਈ 20 ਜਨਵਰੀ ਤੋਂ 15 ਫਰਵਰੀ ਤੱਕ ਕਰ ਲੈਣੀ ਚਾਹੀਦੀ ਹੈ । ਮੱਕੀ ਦੀ ਬਿਜਾਈ ਪੂਰਬ-ਪੱਛਮ ਵੱਲ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਬਣਾ ਕੇ, ਉਹਨਾਂ ਦੇ ਦੱਖਣ ਵਾਲੇ ਪਾਸੇ, 6 ਤੋਂ 7 ਸੈਂਟੀਮੀਟਰ ਦੀ ਉਚਾਈ ਤੇ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ ਕਰੋ । ਜਾਂ ਇਸੇ ਤਰ੍ਹਾਂ ਪੂਰਬ-ਪੱਛਮ ਵੱਲ 67.5 ਸੈਂਟੀਮੀਟਰ ਦੀ ਵਿੱਥ ਤੇ ਬੈੱਡ ਬਣਾ ਕੇ, ਉਹਨਾਂ ਦੇ ਦੱਖਣ ਵਾਲੇ ਪਾਸੇ, ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖ ਕੇ ਵੀ ਕੀਤੀ ਜਾ ਸਕਦੀ ਹੈ । ਬੈੱਡਾਂ ਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ।

★ 15 ਫਰਵਰੀ ਤੋਂ ਬਾਅਦ ਬਿਜਾਈ ਕਰਨ ਨਾਲ ਝਾੜ ਉੱਤੇ ਮਾੜਾ ਅਸਰ ਪੈਂਦਾ ਹੈ । ਕਿਉਂਕਿ ਪਿਛੇਤੀ ਫਸਲ ਤੇ ਸ਼ਾਖ ਦੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ । ਜਦੋਂ ਮੱਕੀ ਬੂਰ ਅਤੇ ਸੂਤ ਕੱਤਦੀ ਹੈ ਤਾਂ ਤਾਪਮਾਨ ਵੱਧ ਹੋਣ ਕਾਰਨ ਬੂਰ ਸੁੱਕ ਜਾਂਦਾ ਹੈ । ਇਸ ਨਾਲ ਪਰ-ਪਰਾਗਣ ਕ੍ਰਿਆ ਵਿਚ ਰੁਕਾਵਟ ਪੈ ਜਾਂਦੀ ਹੈ । ਜਿਸ ਕਾਰਣ ਦਾਣੇ ਘੱਟ ਪੈਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ । ਜਨਵਰੀ ਦੇ ਸ਼ੁਰੂ ਵਿਚ ਤਾਪਮਾਨ ਘੱਟ ਹੋਣ ਕਰਕੇ ਜ਼ਿਆਦਾ ਅਗੇਤੀ ਬਿਜਾਈ ਕਰਨ ਨਾਲ ਫਸਲ ਦੇ ਪੁੰਗਾਰ ਦਾ ਸਮਾਂ ਵੱਧ ਜਾਂਦਾ ਹੈ ਅਤੇ ਪੁੰਗਾਰ ਘੱਟ ਸਕਦਾ ਹੈ ।



★ ਫਸਲ ਤੋਂ ਬਿਹਤਰ ਆਰਥਿਕ ਲਾਭ ਪ੍ਰਾਪਤ ਕਰਨ ਲਈ ਢੁਕਵੀਆਂ ਕਿਸਮਾਂ ਦੀ ਚੋਣ ਬਹੁਤ ਮਹੱਤਵਪੂਰਨ ਹੈ । ਬਹਾਰ ਰੁੱਤ ਵਿਚ ਵਧੇਰੇ ਝਾੜ ਦੇਣ ਵਾਲੀਆਂ ਦੋਗਲੀਆਂ ਕਿਸਮਾਂ ਪੀ ਐਮ ਐੱਚ-10, ਡੀ ਕੇ ਸੀ 9108 ਅਤੇ ਪੀ 1844 ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀ ਗਈ ਹੈ ।

★ ਵਧੇਰੇ ਝਾੜ ਲੈਣ ਲਈ 10 ਕਿਲੋ ਬੀਜ ਪ੍ਰਤੀ ਏਕੜ ਦੀ ਵਰਤੋਂ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਗੀ ਦੀ ਸਫਲ ਕਾਸ਼ਤ ਵਿਚ ਬੀਜ ਦੀ ਸੋਧ ਦਾ ਅਹਿਮ ਯੋਗਦਾਨ ਹੈ, ਕਿਉਂਕਿ ਇਸ ਨਾਲ ਮੁੱਖ ਕੀੜੇ ਸ਼ਾਖ ਦੀ ਮੱਖੀ ਦੀ ਕਾਰਗਰ ਰੋਕਥਾਮ ਹੋ ਜਾਂਦੀ ਹੈ । ਬੀਜ ਨੂੰ ਕੀੜੇਮਾਰ ਦਵਾਈ ਗਾਂਚੋ (ਇਮਿਡਾਕਲੋਪਰਿਡ) 600 ਐੱਫ. ਐਸ. 6 ਮਿਲੀਲਿਟਰ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧੋ । ਕੀਟਨਾਸ਼ਕ ਨੂੰ ਪਾਣੀ ਵਿਚ ਮਿਲਾ ਕੇ ਲੇਟੀ ਬਣਾਉ ਅਤੇ ਚੰਗੀ ਤਰ੍ਹਾਂ ਬੀਜ ਵਿਚ ਰਲਾ ਦਿਉ ਬੀਜ ਨੂੰ ਇਸ ਤਰ੍ਹਾਂ ਸੋਧੋ ਕੇ ਹਰ ਇਕ ਬੀਜ ਉੱਤੇ ਕੀਟਨਾਸ਼ਕ ਦਵਾਈ ਦੀ ਪਰਤ ਬਣ ਜਾਵੇ । ਸੋਧੇ ਹੋਏ ਬੀਜ ਨੂੰ 14 ਦਿਨਾਂ ਦੇ ਅੰਦਰ ਅੰਦਰ ਹੀ ਵਰਤਣਾ ਚਾਹੀਦਾ ਹੈ ।

★ ਪਾਣੀ ਦੀ ਸੁਚੱਜੀ ਵਰਤੋਂ ਬਹਾਰ ਰੁੱਤ ਦੀ ਕਾਸ਼ਤ ਦਾ ਮੁੱਖ ਹੁੰਦਾ ਹੈ । ਫਸਲ ਦੀ ਅਵਸਥਾ ਅਤੇ ਮੌਸਮ ਦੇ ਹਿਸਾਬ ਨਾਲ ਹੀ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ । ਬਹਾਰ ਰੁੱਤ ਦੀ ਮੱਕੀ ਵਿਚ ਤੁਪਕਾ ਸਿੰਚਾਈ ਵਿਧੀ ਨੂੰ ਅਪਣਾਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ । ਤੁਪਕਾ ਸਿੰਚਾਈ ਵਿਧੀ ਲਈ 120 ਸੈਂਟੀਮੀਟਰ ਹੇਠਲੇ ਪਾਸੇ ਅਤੇ 80 ਸੈਂਟੀਮੀਟਰ ਉੱਪਰੋਂ ਚੌੜੇ ਬੈੱਡ ਬਣਾਓ । ਇਹਨਾਂ ਤੇ 60 ਸੈਂਟੀਮੀਟਰ ਦੀ ਦੂਰੀ ਤੇ ਮੱਕੀ ਦੀਆਂ ਦੋ ਲਾਈਨਾਂ ਵਿਚ ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖ ਕੇ ਬੀਜੋ । ਮੱਕੀ ਦੀਆਂ ਇਹਨਾਂ ਦੋ ਲਾਈਨਾਂ ਵਿਚ ਇਕ ਡਰਿੱਪ ਲਾਈਨ ਦੀ ਵਰਤੋਂ ਕਰੋ, ਇਸ ਵਿਚ ਡਰਿੱਪਰ ਤੋਂ ਡਰਿੱਪਰ ਦਾ ਫਾਸਲਾ 30 ਸੈਂਟੀਮੀਟਰ ਹੋਵੇ । ਜੇ ਡਿਸਚਾਰਜ 2.2 ਲੀਟਰ ਪ੍ਰਤੀ ਡਰਿੱਪਰ ਹੋਵੇ ਤਾਂ ਸਿੰਚਾਈ ਦਾ ਸਮਾਂ ਫਰਵਰੀ, ਮਾਰਚ, ਅਪ੍ਰੈਲ ਅਤੇ ਮਈ ਵਿਚ ਕ੍ਰਮਵਾਰ 22, 64, 120 ਅਤੇ 130 ਮਿੰਟ ਰੱਖੋ । ਕਿਉਂਕਿ ਤਾਪਮਾਨ ਵੱਧਣ ਦੇ ਨਾਲ ਨਾਲ ਫਸਲ ਨੂੰ ਅਪ੍ਰੈਲ ਅਤੇ ਮਈ ਮਹੀਨੇ ਵਿਚ ਪਾਣੀ ਦੀ ਲੋੜ ਵੱਧ ਹੁੰਦੀ ਹੈ ।

★ ਡਿਸਚਾਰਜ ਰੇਟ ਦੇ ਹਿਸਾਬ ਨਾਲ ਸਿੰਚਾਈ ਦਾ ਸਮਾਂ ਹੇਠ ਲਿਖੇ ਫਾਰਮੂਲੇ ਨਾਲ ਕੱਢਿਆ ਜਾ ਸਕਦਾ ਹੈ ।

= 2.2 × ਸਿੰਚਾਈ ਦਾ ਸਮਾਂ (ਮਿੰਟ) (ਡਿਸਚਾਰਜ ਰੇਟ (ਲੀਟਰ ਪ੍ਰਤੀ ਘੰਟਾ)

★ ਪਾਣੀ ਦੀ ਬੱਚਤ ਲਈ ਬਿਜਾਈ ਸਮੇਂ 20 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਇਕਸਾਰ ਵਿਛਾਉ ।

★ ਪਹਿਲਾ ਪਾਣੀ ਬਿਜਾਈ ਦੇ 25-30 ਦਿਨਾਂ ਬਾਅਦ ਲਾਉ । ਇਸ ਤੋਂ ਬਾਅਦ 10 ਅਪ੍ਰੈਲ ਤੱਕ 2 ਹਫਤੇ ਤੇ ਅਤੇ ਫਸਲ ਪੱਕਣ ਤੱਕ ਇਕ ਹਫਤੇ ਦੇ ਵਕਫੇ ਤੇ ਪਾਣੀ ਲਾਉਂਦੇ ਰਹੋ ।

★ ਸੂਤ ਕੱਤਣ ਅਤੇ ਦਾਣੇ ਪੈਣ ਦੇ ਸਮੇਂ ਦੌਰਾਨ ਫਸਲ ਨੂੰ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ । ਕਿਉਂਕਿ ਮੱਕੀ ਨੂੰ ਬੂਰ ਪੈਣ ਅਤੇ ਸੂਤ ਕੱਤਣ ਸਮੇਂ ਜੇ ਤਾਮਮਾਨ ਵੱਧ ਜਾਵੇ ਤਾਂ ਬੂਰ ਸੁੱਕਣ ਕਾਰਨ ਪਰ-ਪਰਾਗਣ ਕ੍ਰਿਆ ਵਿਚ ਰੁਕਾਵਟ ਪੈ ਜਾਂਦੀ ਹੈ । ਇਸ ਕਰਕੇ ਦਾਣੇ ਘੱਟ ਪੈਂਦੇ ਹਨ ਅਤੇ ਝਾੜ ਘੱਟ ਜਾਂਦਾ ਹੈ ।

★ ਮੱਕੀ ਦੀ ਫਸਲ ਖੁਰਾਕੀ ਤੱਤਾਂ ਨੂੰ ਬਹੁਤ ਮੰਨਦੀ ਹੈ । ਮੱਕੀ ਦੀ ਫਸਲ ਵਿਚ ਰੂੜੀ ਦੀ ਗਲੀ-ਸੜੀ 6 ਟਨ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ । ਮੱਕੀ ਲਈ 110 ਕਿਲੋ ਯੂਰੀਆ, 150 ਕਿਲੋ ਸੁਪਰਫਾਸਫੇਟ ਜਾਂ 55 ਕਿਲੋ ਡੀ.ਏ.ਪੀ. ਖਾਦ ਅਤੇ 20 ਕਿਲੋ ਮਿਉਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕਰੋ । ਲੋੜ ਪੈਣ ਤੇ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ ਕੀਤੀ ਜਾ ਸਕਦੀ ਹੈ । ਜੇਕਰ ਡੀ ਏ ਪੀ 55 ਕਿਲੋ ਪਾਈ ਹੋਵੇ ਤਾਂ ਯੂਰੀਆ 20 ਕਿਲੋ ਘਟਾ ਦਿਉ ।

★ ਇਹਨਾਂ ਖਾਦਾ ਦਾ ਪੂਰਾ ਫਾਇਦਾ ਲੈਣ ਲਈ ਸਾਰੀ ਫਾਸਫੋਰਸ, ਪੋਟਾਸ਼ ਅਤੇ ਤੀਜਾ ਹਿੱਸਾ ਨਾਈਟਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਉ । ਬਾਕੀ ਰਹਿੰਦੀ ਨਾਈਟਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਉ । ਇੱਕ ਹਿੱਸਾ ਉਸ ਵੇਲੇ ਪਾਉ ਜਦ ਫਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਉ ।

★ ਨਦੀਨ ਫਸਲ ਵਿਚ ਪਾਣੀ, ਖੁਰਾਕੀ ਤੱਤਾਂ, ਰੌਸ਼ਨੀ ਆਦਿ ਲਈ ਮੁਕਾਬਲਾ ਕਰਦੇ ਹਨ । ਪੂਰਾ ਝਾੜ ਲੈਣ ਲਈ ਸ਼ੁਰੂਆਤੀ 4-6 ਹਫਤੇ ਤੱਕ ਮੱਕੀ ਨੂੰ ਨਦੀਨਾਂ ਤੋਂ ਬਚਾਉਣਾ ਜ਼ਿਆਦਾ ਜ਼ਰੂਰੀ ਹੈ । ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਲਈ ਫਸਲ ਉੱਗਣ ਤੋਂ ਪਹਿਲਾਂ 800 ਗ੍ਰਾਮ ਐਟਰਾਟਫ 50 ਡਬਲਯੂ. ਪੀ. (ਐਟਰਾਜੀਨ) ਪ੍ਰਤੀ ਏਕੜ ਅਤੇ ਹਲਕੀਆਂ ਜ਼ਮੀਨਾਂ ਵਿਚ 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਤੋਂ 10 ਦਿਨਾਂ ਦੇ ਅੰਦਰ-ਅੰਦਰ 200 ਲਿਟਰ ਪਾਣੀ ਵਰਤ ਕੇ ਛਿੜਕਾਅ ਕਰਨ ਨਾਲ ਘਾਹ ਜਾਤੀ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।



★ ਸ਼ਾਖ ਦੀ ਮੱਖੀ ਬਹਾਰ ਰੁੱਤ ਦੀ ਫਸਲ ਦਾ ਬਹੁਤ ਨੁਕਸਾਨ ਕਰਦੀ ਹੈ । ਇਹ ਆਮ ਤੌਰ 'ਤੇ ਛੋਟੀ ਫਸਲ (3-7 ਦਿਨ) ਤੇ ਹਮਲਾ ਕਰ ਕੇ ਬੂਟਿਆਂ ਨੂੰ ਸੁਕਾ ਦਿੰਦੀ ਹੈ ਅਤੇ ਵੱਡੀ ਫਸਲ ਉੱਪਰ ਹਮਲੇ ਕਾਰਨ ਬੂਟੇ ਬੇਢਵੇ ਅਤੇ ਝੁਰੜ-ਮੁਰੜ ਹੋ ਜਾਂਦੇ ਹਨ । ਇਸ ਦੀ ਰੋਕਥਾਮ ਲਈ ਗਾਚੋ ਨਾਲ ਬੀਜ ਦੀ ਸੋਧ ਆਸਾਨ ਅਤੇ ਕਾਰਗਰ ਢੰਗ ਹੈ ।

★ ਇਸ ਤੋਂ ਇਲਾਵਾ ਫਾਲ ਆਰਮੀਵਰਮ ਦੀ ਸੁੰਡੀ ਦੀ ਫਸਲ ਨੂੰ ਨੁਕਸਾਨ ਪਹੁੰਚਾਉਂਦੀ ਹੈ । ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਗੋਭ ਦੇ ਪੱਤੇ ਵਿੱਚ ਗੋਲ ਤੋਂ ਅੰਡਾਕਾਰ ਮੋਰੀਆਂ ਬਣਾਉਂਦੀਆਂ ਹਨ । ਜੇਕਰ ਸਹੀ ਸਮੇਂ ਤੇ ਰੋਕਥਾਮ ਨਾ ਕੀਤੀ ਜਾਵੇ ਤਾਂ ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਇਸ ਵਿਚ ਭਾਰੀ ਮਾਤਰਾ ਵਿਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੀ ਸਿਰ ਵਾਲੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ Y ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ ।

★ ਫਾਲ ਆਰਮੀਵਰਮ ਕੀੜੇ ਦੇ ਵਾਧੇ ਅਤੇ ਫੈਲਾਅ ਨੂੰ ਸੀਮਿਤ ਕਰਨ ਲਈ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਸਿਫਾਰਸ਼ ਸਮੇਂ 15 ਫਰਵਰੀ ਤੱਕ ਹੀ ਕਰੋ । ਨਾਲ ਲਗਦੇ ਖੇਤਾਂ ਵਿਚ ਮੱਕੀ ਦੀ ਬਿਜਾਈ ਥੋੜ੍ਹੇ-ਥੋੜ੍ਹੇ ਵਕਫੇ ਤੇ ਨਾ ਕਰੋ ਤਾਂ ਜੋ ਕੀੜੇ ਦਾ ਫੈਲਾਅ ਘਟਾਇਆ ਜਾ ਸਕੇ ।

★ ਕੀੜੇ ਦੀ ਅਸਰਦਾਰ ਰੋਕਥਾਮ ਲਈ ਸਹੀ ਮਿਕਦਾਰ ਅਤੇ ਸਹੀ ਢੰਗ ਨਾਲ ਕੀਟਨਾਸ਼ਕ ਦਾ ਛਿੜਕਾਅ ਬਹੁਤ ਜ਼ਰੂਰੀ ਹੈ । 0.4 ਮਿਲੀਲਿਟਰ ਕੋਰਾਜਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜੋਏਟ) ਨੂੰ ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । 20 ਦਿਨਾਂ ਤੱਕ ਦੀ ਫਸਲ ਲਈ 120 ਲਿਟਰ ਪਾਣੀ ਪ੍ਰਤੀ ਏਕੜ ਵਰਤੋ । ਇਸ ਤੋਂ ਬਾਅਦ, ਫਸਲ ਦੇ ਵਾਧੇ ਅਨੁਸਾਰ ਪਾਣੀ ਦੀ ਮਾਤਰਾ 200 ਲਿਟਰ ਪਾਣੀ ਪ੍ਰਤੀ ਏਕੜ ਤੱਕ ਵਧਾਉ ਪਰ ਧਿਆਨ ਰੱਖੋ ਕਿ ਪਾਣੀ ਦੇ ਨਾਲ-ਨਾਲ ਉੱਪਰ ਦੱਸੇ ਕੀਟਨਾਸ਼ਕਾਂ ਦੀ ਮਾਤਰਾ ਵੀ ਉਸੇ ਅਨੁਪਾਤ ਵਿਚ ਵਧਾਉ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ ।

★ ਜਦ ਛੱਲੀਆਂ ਦੇ ਪਰਦੇ ਸੁੱਕ ਜਾਣ ਅਤੇ ਦਾਣੇ ਪੱਕ ਕੇ ਸਖਤ ਹੋ ਜਾਣ ਤਾਂ ਫਸਲ ਦੀ ਵਾਢੀ ਕਰ ਲੈਣੀ ਚਾਹੀਦੀ ਹੈ । ਛੱਲੀਆਂ ਦੀ ਚੰਗੀ ਤਰ੍ਹਾਂ ਸੁੱਕ ਜਾਣ ਤੇ ਹੀ ਦਾਣੇ ਕੱਢੋ । ਦਾਣੇ ਕੱਢਣ ਲਈ ਹੱਥ ਨਾਲ ਚੱਲਣ ਵਾਲੇ ਅਤੇ ਬਿਜਲੀ ਜਾਂ ਮੋਟਰ ਨਾਲ ਚੱਲਣ ਵਾਲੇ ਸ਼ੈਲਰ ਜਾਂ ਸ਼ੈਲਰ ਕਮ ਡੀਹਸਕਰ ਬਜ਼ਾਰ ਵਿਚ ਮਿਲਦੇ ਹਨ । ਮੰਡੀਕਰਣ ਤੋਂ ਪਹਿਲਾਂ ਵੱਧ ਮੁੱਲ ਲੈਣ ਲਈ ਦਾਣਿਆਂ ਨੂੰ ਸੁਕਾ ਲੈਣਾ ਚਾਹੀਦਾ ਹੈ । ਇਸ ਤੋਂ ਇਲਾਵਾ ਅੱਜ-ਕੱਲ ਕੰਬਾਈਨ ਨਾਲ ਵਾਢੀ ਦਾ ਰੁਝਾਣ ਵੀ ਵੱਧ ਰਿਹਾ ਹੈ ।

★ ਜੇਕਰ ਇਸ ਤੋਂ ਇਲਾਵਾ ਮੱਕੀ ਦੀ ਕਾਸ਼ਤ ਵਿਚ ਕੋਈ ਹੋਰ ਸਮੱਸਿਆ ਆ ਜਾਵੇ ਤਾਂ ਤੁਰੰਤ ਖੇਤੀ ਮਾਹਿਰਾਂ ਨੂੰ ਸੰਪਰਕ ਕਰੋ ।

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

---------------------------------

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 04
ਮਿਤੀ 27-01-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਠੰਢ ਨੇ ਝੰਬੇ ਪਸ਼ੂ, 20 ਫੀਸਦੀ ਘਟਿਆ ਦੁੱਧ ਉਤਪਾਦਨ

ਕਈ ਦਿਨਾਂ ਤੋਂ ਪੈ ਰਹੀ ਚੀਰਵੀਂ ਠੰਢ, ਧੁੰਦ ਅਤੇ ਠੰਢੀਆਂ ਹਵਾਵਾਂ ਨਾਲ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਪਸ਼ੂ-ਪੰਛੀਆਂ ਦੇ ਨਾਲ-ਨਾਲ ਮਨੁੱਖ ਲਗਾਤਾਰ ਬਿਮਾਰ ਹੋ ਰਹੇ ਹਨ। ਠੰਢ ਨੇ ਪਸ਼ੂ ਪਾਲਕਾਂ ਦੀਆਂ ਮੁਸ਼ਕਲਾਂ ਬਹੁਤ ਵਧਾ ਦਿੱਤੀਆਂ ਹਨ। ਕੜਾਕੇ ਦੀ ਠੰਢ ਕਾਰਨ ਪਸ਼ੂਆਂ ਦੀ ਦੁੱਧ ਦੇਣ ਦੀ ਸਮਰੱਥਾ 20 ਫੀਸਦੀ ਤੱਕ ਘੱਟ ਗਈ ਹੈ। ਸਰਦੀਆਂ ਦੇ ਮੌਸਮ ਵਿਚ ਪਸ਼ੂਆਂ ਨੂੰ ਮੁੱਖ ਚਾਰੇ ਵਜੋਂ ਵਰਤੀ ਜਾਣ ਵਾਲੀ ਬਰਸੀਮ ਦੀ ਫਸਲ ਵੀ ਵੱਧ -ਫੁੱਲ ਨਹੀਂ ਰਹੀ। ਇਸ ਤੋਂ ਇਲਾਵਾ ਇਹ ਠੰਢ ਤੇ ਦੋਧੀਆਂ ਲਈ ਵੀ ਵੱਡੀ ਮੁਸੀਬਤ ਬਣੀ ਹੋਈ ਹੈ ਕਿਉਂਕਿ ਇਸ ਮੌਸਮ ਵਿਚ ਸਵੇਰੇ ਜਲਦੀ ਉੱਠ ਕੇ ਸ਼ਹਿਰਾਂ ਵਿਚ ਦੁੱਧ ਪਾਉਣ ਜਾਣਾ ਦੋਧੀਆਂ ਲਈ ਬਹੁਤ ਔਖਾ ਹੋ ਗਿਆ ਹੈ ਕਿਉਂਕਿ ਧੁੰਦ ਕਾਰਨ ਸੜਕਾਂ 'ਤੇ ਵਿਜੀਬਿਲਟੀ ਜ਼ੀਰੋ ਦੇ ਬਰਾਬਰ ਹੈ।

ਪ੍ਰਿੰਸੀਪਲ ਡਾ. ਬਿਮਲ ਸ਼ਰਮਾ ਨੇ ਦੱਸਿਆ ਕਿ ਪਸ਼ੂ ਪਾਲਕਾਂ ਦੀਆਂ ਠੰਢ ਕਾਰਨ ਮੁਸ਼ਕਲਾਂ ਕਾਫੀ ਵੱਧ ਗਈਆਂ ਹਨ। ਠੰਢ ਕਾਰਨ ਪਸ਼ੂ ਕਰੀਬ 20 ਫੀਸਦੀ ਘੱਟ ਦੁੱਧ ਦੇ ਰਹੇ ਹਨ। ਪਸ਼ੂ ਪਾਲਕਾਂ ਕਿਰਨਪਾਲ ਸਿੰਘ, ਸੁਨੀਲ, ਪਰਮਜੀਤ ਸਿੰਘ ਢੀਂਡਸਾ ਫਾਰਮ, ਗੁਰਧਿਆਨ ਸਿੰਘ, ਮੇਜਰ ਸਿੰਘ ਅਤੇ ਅਮਨਦੀਪ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਜਿਹੜੀ ਗਊ ਪਹਿਲਾਂ 20-25 ਕਿਲੋਂ ਦੁੱਧ ਪ੍ਰਤੀ ਦਿਨ ਦਿੰਦੀ ਸੀ, ਹੁਣ 15-18 ਕਿਲੋ ਹੀ ਦੇ ਰਹੀ ਹੈ ਇਸੇ ਤਰ੍ਹਾਂ ਜਿਹੜੀ ਮੱਝ ਪਹਿਲਾਂ 12-14 ਕਿਲੋ ਦੁੱਧ ਪ੍ਰਤੀ ਦਿਨ ਦਿੰਦੀ ਸੀ, ਹੁਣ 8-10 ਕਿਲੋ ਦੁੱਧ ਪ੍ਰਤੀ ਦਿਨ ਦੇ ਰਹੀ ਹੈ। ਧੁੱਪ ਨਾ ਨਿਕਲਣ ਕਾਰਨ ਪਸ਼ੂਆਂ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ ਅਤੇ ਦਿਨ-ਰਾਤ ਪਸ਼ੂ ਇਕ ਜਗ੍ਹਾ 'ਤੇ ਹੀ ਖੜ੍ਹੇ ਰਹਿੰਦੇ ਹਨ ਜਿਸ ਕਾਰਨ ਪਸ਼ੂਆਂ ਥੱਲੇ ਫਰਸ਼ ਗਿੱਲਾ ਰਹਿੰਦਾ ਹੈ। ਪਸ਼ੂ ਪਾਲਕਾਂ ਵੱਲੋਂ ਪਰਾਲੀ ਵਗੈਰਾ ਦੀ ਸੁੱਕ ਤਾਂ ਵਿਛਾਈ ਜਾ ਰਹੀ ਹੈ ਪ੍ਰੰਤੂ ਇਹ ਫਿਰ ਵੀ ਨਾਕਾਫੀ ਹੈ। ਪਸ਼ੂਆਂ ਨੂੰ ਕੰਬਲਾਂ (ਝੁਲਾਂ) ਨਾਲ ਢੱਕਣਾ ਪੈ ਰਿਹਾ ਹੈ ਅਤੇ ਅੱਗ ਬਾਲ ਕੇ ਪਸ਼ੂਆਂ ਨੂੰ ਠੰਢ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਛੋਟੀ ਉਮਰ ਦੇ ਕੱਟੇ/ਵੱਛੇ ਨਮੋਨੀਆਂ ਤੇ ਡਾਇਰੀਆ ਦਾ ਸ਼ਿਕਾਰ ਹੋ ਰਹੇ ਹਨ ਅਤੇ ਵੱਡੇ ਪਸ਼ੂ ਵੀ ਆਮ ਨਾਲੋਂ ਵਧੇਰੇ ਬਿਮਾਰ ਹੋ ਰਹੇ ਹਨ। ਇਹੀ ਕਾਰਨ ਹੈ ਕਿ ਪਸ਼ੂ ਕਰੀਬ 20 ਫੀਸਦੀ ਘੱਟ ਦੁੱਧ ਦੇਣ ਲੱਗੇ ਹਨ।



## ਠੰਢ ਤੋਂ ਬਚਾਅ ਲਈ ਐਡਵਾਇਜ਼ਰੀ ਜਾਰੀ

ਪਸ਼ੂ ਧਨ ਨੂੰ ਸਰਦੀ ਤੋਂ ਬਚਾਅ ਸਬੰਧੀ ਪਸ਼ੂ ਪਾਲਕਾਂ ਨੂੰ ਜਾਗਰੂਕ ਕਰਦਿਆਂ ਵੈਟਰਨਰੀ ਪੋਲੀਟੈਕਨਿਕ ਅਤੇ ਖੇਤਰੀ ਖੋਜ ਕੇਂਦਰ ਕਾਲਝਰਾਣੀ ਦੇ ਪ੍ਰਿੰਸੀਪਲ ਡਾ. ਬਿਮਲ ਸ਼ਰਮਾ ਨੇ ਕਿਹਾ ਕਿ ਸਰਦੀਆਂ ਦੇ ਮੌਸਮ ਵਿਚ ਪਸ਼ੂਆਂ ਨੂੰ 20 ਫੀਸਦੀ ਵਧੇਰੇ ਖੁਰਾਕ ਦੀ ਲੋੜ ਹੁੰਦੀ ਹੈ ਅਤੇ ਰਾਸ਼ਨ ਵਿਚ 40 ਫੀਸਦੀ ਬਰਾਨਜ, 2 ਫੀਸਦੀ ਮਿਨਰਲ ਮਿਕਚਰ ਅਤੇ 1 ਫੀਸਦੀ ਨਮਕ ਹੋਣਾ ਚਾਹੀਦਾ ਹੈ। ਪਸ਼ੂਆਂ ਨੂੰ ਹਮੇਸ਼ਾਂ ਤਾਜ਼ਾ ਜਾਂ ਕੋਸਾ ਪਾਣੀ ਪਿਆਓ ਅਤੇ ਫਰਸ਼ ਧੋਣ ਲਈ ਘੱਟ ਤੋਂ ਘੱਟ ਪਾਣੀ ਦੀ ਵਰਤੋਂ ਕਰੋ।



ਪਸ਼ੂਆਂ ਵਾਲੇ ਕਮਰਿਆਂ ਦੇ ਦਰਵਾਜ਼ੇ ਅਤੇ ਖਿੜਕੀਆਂ ਬੰਦ ਰੱਖੋ। ਧੁੱਪ ਨਿਕਲਣ 'ਤੇ ਹੀ ਪਸ਼ੂਆਂ ਨੂੰ ਬਾਹਰ ਕੱਢੋ। ਫਰਸ਼ 'ਤੇ ਪਰਾਲੀ ਜਾਂ ਤੂੜੀ ਦੀ ਮੋਟੀ ਤਹਿ ਵਿਛਾਓ। ਕੋਠੇ ਵਿਚ ਕਦੇ ਵੀ ਪਸ਼ੂਆਂ ਨੂੰ ਧੂੰਆਂ ਨਾ ਕਰੋ ਕਿਉਂਕਿ ਇਸ ਨਾਲ ਪਸ਼ੂਆਂ ਨੂੰ ਸਾਹ ਲੈਣ ਵਿਚ ਦਿੱਕਤ ਆ ਸਕਦੀ ਹੈ। ਪਸ਼ੂਆਂ ਨੂੰ ਠੰਢ ਤੋਂ ਬਚਾਉਣ ਲਈ ਕੰਬਲ ਜਾਂ ਬੋਰੀਆਂ ਦੇ ਝੁੱਲ ਪਾਉਣੇ ਚਾਹੀਦੇ ਹਨ। ਵੱਡੇ ਪਸ਼ੂਆਂ ਨੂੰ ਖਾਸ ਕਰ ਕੇ ਸਰਦੀਆਂ ਦੇ ਮੌਸਮ ਵਿਚ ਹਰ ਹਫਤੇ 150-200 ਗ੍ਰਾਮ ਗੁੜ ਅਤੇ ਛੋਟੇ ਪਸ਼ੂਆਂ ਨੂੰ 50-100 ਗ੍ਰਾਮ ਗੁੜ ਜ਼ਰੂਰ ਦੇਣਾ ਚਾਹੀਦਾ ਹੈ ਕਿਉਂਕਿ ਗੁੜ ਵਿਚ ਕੈਲਸ਼ੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਆਇਰਨ ਦੇ ਖੁਰਾਕੀ ਤੱਤ ਹੁੰਦੇ ਹਨ। ਜੇ ਪਸ਼ੂ ਬਿਮਾਰ ਹੋ ਜਾਵੇ ਤਾਂ ਤੁਰੰਤ ਨਜ਼ਦੀਕੀ ਪਸ਼ੂ ਹਸਪਤਾਲ ਜਾ ਕੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

# ਸਾਰੇ ਪਿੰਡ ਨੂੰ ਮੁਫਤ ਦਿੱਤੀ ਜਾ ਰਹੀ ਹੈ ਗੋਬਰ ਗੈਸ

ਸਤਲੁਜ ਦਰਿਆ ਦੇ ਕੰਢੇ ਵੱਸੇ ਜ਼ਿਲ੍ਹੇ ਦੇ ਪਿੰਡ ਬਹਾਦਰਪੁਰ ਦੇ ਤਿੰਨ ਐੱਨ ਆਰ ਆਈ ਭਰਾਵਾਂ ਦਿਲਬਾਗ ਸਿੰਘ, ਸੀਤਲ ਸਿੰਘ ਤੇ ਬਲਵੀਰ ਸਿੰਘ ਵੱਲੋਂ ਬਣਾਏ ਗਏ ਆਰ ਐੱਸ ਫਾਰਮ 'ਚ ਰੱਖੀਆਂ ਗਾਵਾਂ ਦੇ ਮਲ-ਮੂਤਰ ਦੀ ਸੁਚੱਜੀ ਵਰਤੋਂ ਕਰਨ ਲਈ ਬਣਾਏ ਗਏ ਗੋਬਰ ਗੈਸ ਪਲਾਂਟ ਤੋਂ ਪਿੰਡ ਦੇ 75 ਘਰਾਂ 'ਚੋਂ 70 ਨੂੰ ਘਰੇਲੂ ਗੈਸ ਦੀ ਮੁਫਤ ਸਪਲਾਈ ਦਿੱਤੀ ਜਾਂਦੀ ਹੈ। ਉਕਤ ਤਿੰਨੇ ਭਰਾ ਦੁਬਈ ਤੇ ਅਮਰੀਕਾ 'ਚ ਕਾਰੋਬਾਰ ਕਰ ਰਹੇ ਹਨ।

ਆਰ ਐੱਸ ਫਾਰਮ ਦੀ ਦੇਖਰੇਖ ਕਰ ਰਹੇ ਬਲਬੀਰ ਸਿੰਘ ਦੇ ਪੁੱਤਰ ਗਗਨਦੀਪ ਸਿੰਘ ਨੇ ਦੱਸਿਆ ਕਿ ਉਨਾ ਦੇ ਪਿਤਾ ਤੇ ਪਰਿਵਾਰ ਦੀ ਸੋਚ ਸੀ ਕਿ ਆਪਣੇ ਪਿੰਡ ਵਾਸੀਆਂ ਲਈ ਕੁਝ ਵਧੀਆ ਕਰੀਏ। ਫਾਰਮ ਹਾਊਸ ਤਾਂ ਕਾਫੀ ਪਹਿਲਾਂ ਬਣਾਇਆ ਗਿਆ ਸੀ ਪਰ 2010 ਵਿਚ ਉਨ੍ਹਾਂ ਦੇ ਪਿੰਡ ਦੇ ਘਰਾਂ ਨੂੰ ਗੋਬਰ ਗੈਸ ਪਲਾਂਟ ਤੋਂ ਸਪਲਾਈ ਦੇਣ ਦੀ ਯੋਜਨਾ ਬਣਾਈ ਗਈ। ਉਨ੍ਹਾਂ ਸਾਰੇ ਪਿੰਡ 'ਚ ਗੈਸ ਦੀ ਸਪਲਾਈ ਲਈ ਪਾਈਪ ਪਾਈ। ਪਾਈਪ ਤੋਂ ਘਰਾਂ ਨੂੰ ਕੁਨੈਕਸ਼ਨ ਲੈਣ ਲਈ ਖਰਚਾ ਘਰ ਦੇ ਮਾਲਕਾਂ ਨੇ ਆਪ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੇ ਕੁਲ 75 ਘਰਾਂ 'ਚੋਂ 70 ਨੂੰ ਗੋਬਰ ਗੈਸ ਦੀ ਮੁਫਤ ਸਪਲਾਈ ਦਿੱਤੀ ਜਾ ਰਹੀ ਹੈ। ਸਿਰਫ 5 ਘਰ ਹਨ ਜਿਨ੍ਹਾਂ ਨੂੰ ਗੈਸ ਦੀ ਸਪਲਾਈ ਨਹੀਂ ਹੈ ਕਿਉਂਕਿ ਉਹ ਪਿੰਡ ਤੋਂ ਬਾਹਰ ਖੇਤਾਂ 'ਚ ਰਹਿ ਰਹੇ ਹਨ।

ਗਗਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਫਾਰਮ 'ਤੇ 140 ਗਾਵਾਂ ਐੱਫ ਐੱਚ ਜਰਸੀ ਨਸਲ ਦੀਆਂ ਹਨ, ਜਿਨ੍ਹਾਂ ਦੇ ਮਲ-ਮੂਤਰ ਦੀ ਸੁਚੱਜੀ ਵਰਤੋਂ ਕਰਨ ਲਈ ਗੋਬਰ ਗੈਸ ਪਲਾਂਟ ਲਾਇਆ ਗਿਆ। ਪਿੰਡ ਵਾਸੀਆਂ ਨੂੰ ਮੁਫਤ ਗੈਸ ਪਲਾਂਟ ਲਾਇਆ ਗਿਆ। ਪਿੰਡ ਵਾਸੀਆਂ ਨੂੰ ਮੁਫਤ ਗੈਸ ਦੀ ਸਪਲਾਈ ਰੋਜ਼ਾਨਾ ਤਿੰਨ ਵਕਤ ਦੋ-ਦੋ ਘੰਟੇ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਗਾਵਾਂ ਦੇ ਮਲ-ਮੂਤਰ ਨਾਲ ਇਕ ਤਾਂ ਪ੍ਰਦੂਸ਼ਣ ਫੈਲਣਾ ਸੀ ਕਿਉਂ ਕਿ ਜੇ ਇਕ ਥਾਂ 'ਤੇ ਏਨੇ ਪਸ਼ੂਆਂ ਦਾ ਮਲ-ਮੂਤਰ ਡੰਪ ਕਰਦੇ ਤਾਂ ਪ੍ਰਦੂਸ਼ਣ ਫੈਲਣਾ ਸੀ ਪਰ ਹੁਣ ਗੋਬਰ ਗੈਸ ਨਾਲ ਪਿੰਡ ਵਾਸੀਆਂ ਨੂੰ ਫਾਇਦਾ ਹੋ ਰਿਹਾ ਹੈ।

### ਰੋਜ਼ਾਨਾ 10 ਕੁਇੰਟਲ ਦੁੱਧ ਜਾਂਦਾ ਹੈ ਵੇਰਕਾ ਪਲਾਂਟ ਲਈ

ਗਗਨਦੀਪ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਕਰੀਬ 10 ਕੁਇੰਟਲ ਦੁੱਧ ਵੇਰਕਾ ਪਲਾਂਟ ਮੁਹਾਲੀ ਨੂੰ ਜਾਂਦਾ ਹੈ ਅਤੇ ਰੇਟ ਵੀ ਠੀਕ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਪਰਿਵਾਰ ਵੱਲੋਂ ਪਿੰਡ ਵਾਸੀਆਂ ਦੀ ਭਲਾਈ ਲਈ ਹੋਰ ਵੀ ਕਾਰਜ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਫਾਰਮ ਹਾਊਸ 'ਤੇ ਦੇਸ਼ ਵਿਦੇਸ਼ ਤੋਂ ਵਿਗਿਆਨੀ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਆਉਂਦੇ ਰਹਿੰਦੇ ਹਨ ਅਤੇ ਜਾਣਕਾਰੀ ਹਾਸਲ ਕਰਦੇ ਹਨ।

# ਫਰਵਰੀ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ । **ਸੰਗ੍ਰਹਿ ਕਰਤਾ** : ਪ੍ਰਦੀਪ ਕੁਮਾਰ ਛੁਨੇਜਾ, ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ ।

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

## ਸ਼ਹਿਦ ਦੀਆਂ ਮੱਖੀਆਂ ਪਾਲਣਾ

ਅੱਧ ਫਰਵਰੀ ਤੱਕ ਸਰਦੀ ਕਾਫੀ ਘੱਟ ਜਾਂਦੀ ਹੈ । ਇਸ ਮਹੀਨੇ ਸਰ੍ਹੋਂ ਜਾਤੀ ਅਤੇ ਸਫੈਦੇ ਦਾ ਫੁੱਲ-ਫੁਲਾਕਾ ਕਾਫੀ ਮਿਲਦਾ ਹੈ । ਆੜੂ, ਨਾਸ਼ਪਾਤੀ ਅਤੇ ਨਿੰਬੂ ਜਾਤੀ ਦੇ ਰੁੱਖ ਵੀ ਫੁੱਲਾਂ ਤੇ ਹੁੰਦੇ ਹਨ । ਇਹ ਮਹੀਨਾ ਸ਼ਹਿਦ ਮੱਖੀ ਕਟੁੰਬਾਂ ਦੇ ਵਧਾਰੇ ਲਈ ਅਤੇ ਸ਼ਹਿਦ ਮੱਖੀ ਪਾਲਣ ਦਾ ਧੰਦਾ ਸ਼ੁਰੂ ਕਰਨ ਲਈ ਬਹੁਤ ਹੀ ਸੁਖਾਵਾਂ ਅਤੇ ਢੁੱਕਵਾਂ ਹੁੰਦਾ ਹੈ । ਅੱਧ ਫਰਵਰੀ ਤੋਂ ਬਾਅਦ ਜੇਕਰ ਸਰਦੀ ਘੱਟ ਗਈ ਹੋਵੇ ਤਾਂ ਕਟੁੰਬ ਅੰਦਰੋਂ ਸਰਦੀ ਦੀ ਪੈਕਿੰਗ ਕੱਢ ਦਿਉ । ਹਾਈਵ ਦੀ ਸਫਾਈ ਕਰੋ । ਕਿਸੇ ਨਿੱਘੇ ਹਵਾ-ਬੰਦ ਵਾਲੇ ਦਿਨ ਦੁਪਹਿਰ ਵੇਲੇ ਕਟੁੰਬਾਂ ਦੀ ਖੁਰਾਕ, ਬਰੂਡ ਦੀ ਹੋਂਦ ਅਤੇ ਸਮੱਸਿਆ ਅਤੇ ਰਾਣੀ ਮੱਖੀ ਦੀ ਕਾਰ-ਗੁਜ਼ਾਰੀ ਸਬੰਧੀ ਨਿਰੀਖਣ ਕਰੋ । ਕਮਜ਼ੋਰ ਕਟੁੰਬਾਂ ਨੂੰ ਆਪਸ ਵਿੱਚ ਅਤੇ ਰਾਣੀ ਰਹਿਤ ਕਟੁੰਬਾਂ ਨੂੰ ਰਾਣੀ ਵਾਲੇ ਕਟੁੰਬਾਂ ਨਾਲ ਜੋੜ ਦਿਉ । ਲੋੜ ਹੋਵੇ ਤਾਂ ਖੰਡ ਦੇ ਘੋਲ ਦੀ ਉਤਸ਼ਾਹਕ ਖੁਰਾਕ (ਖੰਡ : ਪਾਣੀ = 1:2) ਦਿਉ । ਤਰਜ਼ੀਹ ਦੇ ਆਧਾਰ ਤੇ ਇਹ ਖੁਰਾਕ ਬਣੇ ਹੋਏ ਛੱਤਿਆਂ ਵਿੱਚ ਦਿਉ, ਵਰਨਾ ਇਹ ਖੁਰਾਕ ਡਵੀਜ਼ਨ-ਬੋਰਡ ਫੀਡਰ ਵਿੱਚ ਦਿਓ । ਰਾਣੀ ਮੱਖੀ ਦੀ ਅੰਡੇ ਦੇਣ ਅਤੇ ਕਾਮਾ ਮੱਖੀਆਂ ਦੇ ਕੰਮ ਦੀ ਰਫਤਾਰ ਮੁਤਾਬਕ ਹੋਰ ਬਣੇ-ਬਣਾਏ ਛੱਤੇ ਜਾਂ ਕਾਮਾ ਬਰੂਡ ਸੈਲਾਂ ਦੇ ਪ੍ਰਿੰਟ ਵਾਲੀਆਂ ਮੋਮੀ ਸ਼ੀਟਾਂ ਲਾ ਕੇ ਫਰੇਮਾਂ ਦਿਉ । ਲੋੜ ਅਨੁਸਾਰ ਕਟੁੰਬਾਂ ਨੂੰ ਸੁਪਰ ਚੈਂਬਰ ਦਿਉ ਜਿਸ ਵਿੱਚ ਨਵੀਆਂ ਫਰੇਮਾਂ ਤੇ ਸ਼ਹਿਦ ਮੱਖੀਆਂ ਦੀ ਕਾਰਗੁਜ਼ਾਰੀ ਨੂੰ ਉਤਸ਼ਾਹਿਤ ਕਰਨ ਲਈ ਸ਼ਹਿਦ ਵਾਲੇ ਛੱਤੇ ਵੀ ਨਾਲ ਦਿਉ । ਸ਼ਹਿਦ ਮੱਖੀ ਫਾਰਮਾਂ ਦੇ ਸਾਰੇ ਕਟੁੰਬਾਂ ਨੂੰ ਪਰਾਗ ਅਤੇ ਸ਼ਹਿਦ, ਬਰੂਡ ਅਤੇ ਬਲਤਾ ਦੇ ਆਧਾਰ ਤੇ ਢੁੱਕਵੀਆਂ ਵਿਗਿਆਨਿਕ ਵਿਧੀਆਂ ਦੁਆਰਾ ਆਪਸ ਵਿੱਚ ਬਰਾਬਰ ਕਰੋ । ਬਰੂਡ ਨੂੰ ਬਾਹਰੀ ਪਰਜੀਵੀ ਚਿੱਚੜੀ (ਟਰੋਪੀਲੀਲੈਪਸ ਕਲੇਰੀ) ਦੇ ਹਮਲੇ ਤੋਂ ਬਚਾਉਣ ਲਈ ਛੱਤਿਆਂ ਦੇ ਉੱਪਰਲੇ ਡੰਡਿਆਂ ਉੱਪਰ ਸਲਫਰ ਦਾ ਧੂੜਾ ਇਕ ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ । ਇਸ ਉਪਰਾਲੇ ਦੌਰਾਨ ਅੰਦਰਲਾ ਢੱਕਣ ਲਗਾਉਣਾ ਜ਼ਰੂਰ ਯਕੀਨੀ ਕਰੋ । ਢੁੱਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) 5 ਮਿਲੀਲਿਟਰ ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫਤੇ ਵਰਤੋ । ਫਾਰਮਿਕ ਐਸਿਡ ਵਰੋਆ ਚਿੱਚੜੀ ਦੀ ਰੋਕਥਾਮ ਲਈ ਵੀ ਫਾਇਦੇਮੰਦ ਹੈ ਪਰ ਇਸ ਨੂੰ ਨੈਕਟਰ ਦੀ ਆਮਦ ਸਮੇਂ ਨਾ ਵਰਤੋ । ਵਰੋਆ ਚਿੱਚੜੀ ਦਾ ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਨੂੰ ਕੱਟ ਕੇ ਨਸ਼ਟ ਕਰਨਾ, ਚਿੱਚੜੀ ਨੂੰ ਡਰੋਨ ਬਰੂਡ ਵਾਲੇ ਛੱਤਿਆਂ ਵਿੱਚ ਫਸਾ ਕੇ ਇਨ੍ਹਾਂ ਨੂੰ ਨਸ਼ਟ ਕਰਨਾ, ਮਹੀਨ ਪੀਸੀ ਖੰਡ ਮੱਖੀਆਂ ਉੱਪਰ ਦੇਰ ਸ਼ਾਮ ਨੂੰ ਧੂੜਨਾ, ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟਿੱਕਰ) ਰੱਖਣਾ ਅਤੇ ਜਾਲੀਦਾਰ ਬੌਟਮ ਬੋਰਡ ਵਰਤਣਾ, ਆਦਿ ਗੈਰ ਰਸਾਇਣਕ ਤਰੀਕੇ ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ । ਔਗਜ਼ੈਲਿਕ ਤੇਜ਼ਾਬ (60 ਪ੍ਰਤੀਸ਼ਤ ਖੰਡ ਅਤੇ ਪਾਣੀ ਦੇ ਘੋਲ ਵਿੱਚ 4.2 ਪ੍ਰਤੀਸ਼ਤ ਔਗਜ਼ੈਲਿਕ ਤੇਜ਼ਾਬ ਦਾ ਘੋਲ) ਦਾ 5 ਮਿ.ਲਿ. ਪ੍ਰਤੀ ਛੱਤੇ ਦੇ ਹਿਸਾਬ ਨਾਲ ਛੱਤਿਆਂ ਉੱਪਰ ਛਿੜਕਾਅ ਜਾਂ ਇਹੀ ਮਾਤਰਾ ਦੋ ਛੱਤਿਆਂ ਵਿਚਕਾਰ ਸਰਿੰਜ ਨਾਲ ਦੇਰ ਸ਼ਾਮ ਨੂੰ ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਵਾਰ ਪਾਉਣਾ, ਇਸ ਚਿਚੜੀ ਦੀ ਰੋਕਥਾਮ ਲਈ ਸਹਾਈ ਹੁੰਦਾ ਹੈ । ਬਰੂਡ ਬਿਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਹੋਣ ਦੇ ਸ਼ੱਕ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਉਪਰਾਲੇ ਕਰੋ । ਗੈਰ-ਰਸਾਇਣਕ ਤਰੀਕਿਆਂ ਨੂੰ ਤਰਜ਼ੀਹ ਦਿਉ । ਐਂਟੀਬਾਇਉਟਿਕਾਂ ਦੀ ਵਰਤੋਂ ਤੋਂ ਪ੍ਰਹੇਜ਼ ਕਰੋ । ਫਰਵਰੀ ਅੰਤ ਵਿੱਚ, ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਜਾਂ ਕਟੁੰਬਾਂ ਦੀ ਵੰਡ ਲਈ (ਗਿਣਤੀ ਵਧਾਉਣ ਲਈ) ਜਾਂ ਕਟੁੰਬਾਂ ਨੂੰ ਵੇਚਣ ਲਈ ਲੋੜੀਂਦੀਆਂ ਜ਼ਿਆਦਾ ਰਾਣੀ ਮੱਖੀਆਂ ਤਿਆਰ ਕਰਨ ਵਾਸਤੇ ਕਟੁੰਬਾਂ ਦੀ ਤਿਆਰੀ ਸ਼ੁਰੂ ਕੀਤੀ ਜਾ ਸਕਦੀ ਹੈ । ਰਾਣੀ ਮੱਖੀਆਂ ਤਿਆਰ ਕਰਨ ਲਈ ਤਰਜ਼ੀਹ ਦੇ ਤੌਰ ਤੇ ਵਧੇਰੇ ਸਮਕਾਲੀ ਰਾਣੀਆਂ ਤਿਆਰ ਕਰਨ ਦੀ ਡੂਲਿਟਲ ਤਕਨੀਕ ਅਪਣਾਓ ਅਤੇ ਗ੍ਰਾਫਟਿੰਗ ਲਈ ਕਾਮਾਂ ਸੁੰਡੀਆਂ ਚੋਣਵੇਂ ਮਿਆਰੀ ਬਰੀਡਰ ਕਟੁੰਬਾਂ ਤੋਂ ਵੀ ਲਵੋ । ਬਦਲ ਦੇ ਤੌਰ ਤੇ, ਇਸ ਮੰਤਵ ਲਈ ਕੱਪ-ਕਿੱਟ ਸਿਸਟਮ ਵਰਤ ਸਕਦੇ ਹੋ ਜਿਸ ਵਿੱਚ ਹੱਥੀ ਸੁੰਡੀ ਗ੍ਰਾਫਟ ਕਰਨ ਦੀ ਲੋੜ ਨਹੀਂ ਹੁੰਦੀ । ਕਟੁੰਬਾਂ ਦੇ ਸਵਾਰਮ ਤੋਂ ਰੋਕਥਾਮ ਲਈ ਯੋਗ ਉਪਰਾਲੇ ਕਰੋ । ਜਿਨ੍ਹਾਂ ਪ੍ਰਵਾਸੀ ਸ਼ਹਿਦ-ਮੱਖੀ ਪਾਲਕਾਂ ਨੇ ਆਪਣੇ ਮੱਖੀ ਫਾਰਮ ਸਰ੍ਹੋਂ/ਰਾਇਆ ਤੇ ਲਾਏ ਹੋਣ, ਉਹ ਪੱਕਿਆ ਸ਼ਹਿਦ ਕੱਢ ਸਕਦੇ ਹਨ । ਇਸ ਤੋਂ ਬਾਅਦ ਸ਼ਹਿਦ ਮੱਖੀ ਕਟੁੰਬਾਂ ਦੀ ਸਫੈਦੇ ਤੋਂ ਸ਼ਹਿਦ ਲੈਣ ਲਈ ਹਿਜ਼ਰਤ ਦੀ ਤਿਆਰੀ ਕਰੋ ।



## ਪਸ਼ੂ ਪਾਲਣ

1. ਰਾਤ ਨੂੰ ਪਸ਼ੂਆਂ ਨੂੰ ਅੰਦਰ ਰੱਖੋ ਅਤੇ ਦਿਨੇ ਧੁੱਪ ਵਿੱਚ ਬੰਨ੍ਹੋ । ਜੇ ਲੋੜ ਪਵੇ ਤਾਂ ਸ਼ੈਡ ਦੇ ਪਾਸਿਆਂ ਉੱਤੇ ਪੱਲੀ ਵੀ ਲਾਈ ਜਾ ਸਕਦੀ ਹੈ । ਜ਼ਿਆਦਾ ਠੰਡ ਵਿੱਚ ਪਸ਼ੂਆਂ ਉੱਪਰ ਝੁੱਲ ਵੀ ਪਾਏ ਜਾ ਸਕਦੇ ਹਨ ।

2. ਪਸ਼ੂਆਂ ਦਾ ਦੁੱਧ ਚੋਣ ਤੋਂ ਬਾਅਦ ਥਣਾਂ ਉੱਪਰ ਦੁੱਧ ਨਾ ਲਗਾਉ । ਫਟੇ ਹੋਏ ਜਾਂ ਜ਼ਖਮੀ ਥਣਾਂ ਨੂੰ ਗਲਿਸਰੀਨ ਅਤੇ ਪੋਵੀਡੀਨ/ਬੀਟਾਡੀਨ (1:3) ਦੇ ਘੋਲ ਵਿੱਚ ਜਾਂ ਫਿਲਮਾਡੀਨ ਦਾ ਡੋਬਾ ਦੇ ਕੇ ਠੀਕ ਕੀਤਾ ਜਾ ਸਕਦਾ ਹੈ ।

3. ਨਵਜੰਮੇ ਕੱਟਤੂ/ਵੱਛੜੂ ਠੰਡ ਵਿੱਚ ਨਮੂਨੀਏ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਜ਼ਿਆਦਾ ਮੌਤਾਂ ਇਸ ਕਾਰਨ ਹੀ ਹੁੰਦੀਆਂ ਹਨ । ਉਹਨਾਂ ਹੇਠਾਂ ਸੁੱਕ ਵਿਛਾ ਕੇ ਨਿੱਘੇ ਰੱਖੋ ।



4. ਕੱਟੜੂ/ਵੱਛੜੂਆਂ ਨੂੰ 6 ਮਹੀਨੇ ਦੀ ਉਮਰ ਤੱਕ ਹਰ ਮਹੀਨੇ ਦਵਾਈ ਬਦਲ-ਬਦਲ ਕੇ ਮਲੱਪ-ਰਹਿਤ ਕਰਦੇ ਰਹੋ ਅਤੇ ਉਹਨਾਂ ਨੂੰ ਸਾਫ ਸੁਥਰੀ ਸੁੱਕੀ ਜਗ੍ਹਾ ਉੱਤੇ ਬੰਨ੍ਹੋ । ਬੱਚਿਆਂ ਨੂੰ ਇਕੱਲੇ ਦੁੱਧ ਦੀ ਬਜਾਏ ਘੱਟੋ-ਘੱਟ 2 ਮਹੀਨੇ ਕਾਫ ਸਟਾਰਟਰ ਫੀਡ ਨਾਲ ਪਾਲੋ । ਉਸ ਤੋਂ ਬਾਅਦ ਫੀਡ ਨਾਲ ਥੋੜੇ-ਥੋੜੇ ਹਰੇ ਪੱਠੇ ਪਾਏ ਜਾ ਸਕਦੇ ਹਨ ।

5. ਪਸ਼ੂਆਂ ਨੂੰ ਆਸ ਕਰਵਾਉਣ ਤੋਂ ਤਿੰਨ ਮਹੀਨੇ ਬਾਅਦ ਗਰਭ ਵਾਸਤੇ ਚੈੱਕ ਕਰਵਾਉ ।

6. ਡੇਅਰੀ ਪਸ਼ੂਆਂ ਨੂੰ ਹਰੇ, ਪੁੰਗਰੇ ਹੋਏ, ਮਿੱਟੀ ਲੱਗੇ ਜਾਂ ਗਲੇ-ਸੜੇ ਆਲੂ ਨਾ ਪਾਉ । ਇਹ ਪਸ਼ੂਆਂ ਲਈ ਘਾਤਕ ਸਿੱਧ ਹੋ ਸਕਦੇ ਹਨ ।

7. ਫਲੀਦਾਰ ਚਾਰਿਆਂ ਵਿੱਚ ਪ੍ਰੋਟੀਨ ਜ਼ਿਆਦਾ ਹੋਣ ਕਾਰਨ ਖੁਰਾਕ ਵਿੱਚ 40% ਤੱਕ ਅਨਾਜ ਦੀ ਵਰਤੋਂ ਕਰੋ ਅਤੇ ਖਲਾਂ ਦੀ ਮਾਤਰਾ ਘਟਾਈ ਜਾ ਸਕਦੀ ਹੈ ।

8. ਫਾਲਤੂ ਫਲੀਦਾਰ ਚਾਰਿਆਂ ਨੂੰ ਸੁਕਾਅ ਕੇ ਹੇਅ ਬਣਾਓ ਜੋ ਕੱਟੜੂ/ਵਛੜੂਆਂ ਨੂੰ ਪਾਲਣ ਵਿਚ ਬਹੁਤ ਸਹਾਈ ਹੁੰਦੀ ਹੈ । ਪ੍ਰੋਟੀਨ ਦੀ ਮਾਤਰਾ ਵੱਧ ਹੋਣ ਹੇਅ ਦੀ ਵਰਤੋਂ ਖਲਾਂ ਦੀ ਜਗ੍ਹਾਂ ਕਿਸੇ ਹੱਦ ਤੱਕ ਕੀਤੀ ਜਾ ਸਕਦੀ ਹੈ ।

9. ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇਲਾਕੇ ਦੇ ਵੈਟਰਨਰੀ ਡਾਕਟਰ ਦੀ ਸਲਾਹ ਅਨੁਸਾਰ ਟੀਕਾਕਰਨ ਕਰਵਾਓ ।

10. ਬੰਨ੍ਹੇ ਹੋਏ ਪਸ਼ੂਆਂ ਵਿਚ ਖੁਰਾਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਮੈਟ ਦੀ ਵਰਤੋਂ ਕਰੋ ।



## ਖੁੰਬਾਂ ਦੀ ਕਾਸ਼ਤ

1. ਬਟਨ ਖੁੰਬ ਦੀ ਫਸਲ ਦੀ ਤੁੜਾਈ ਇਸ ਮਹੀਨੇ ਦੌਰਾਨ ਹੁੰਦੀ ਰਹਿੰਦੀ ਹੈ ।
2. ਬਟਨ ਖੁੰਬਾਂ ਨੂੰ ਖੁੱਲਣ ਤੋਂ ਪਹਿਲਾਂ ਉਸਦੇ ਉਪਰਲੇ ਸਿਰੇ ਨੂੰ ਪੋਲਾ ਜਿਹਾ ਘੁਮਾ ਕੇ ਤੋੜ ਲਉ ।
3. ਖੁੰਬਾਂ ਦੇ ਬੈਗਾਂ ਵਿਚ ਨਮੀਂ ਬਰਕਰਾਰ ਰੱਖਣ ਲਈ (65-70 ਪ੍ਰਤੀਸ਼ਤ) ਲੋੜ ਅਨੁਸਾਰ ਦਿਨ ਵਿਚ ਇਕ ਜਾਂ ਦੋ ਵਾਰ ਪਾਣੀ ਦਾ ਛਿੜਕਾਅ ਕਰੋ । ਖੁੰਬ ਘਰ ਨੂੰ ਹਵਾਦਾਰ ਰੱਖਣ ਲਈ ਦਿਨ ਵਿਚ 4-6 ਘੰਟੇ ਲਈ ਖੁੱਲਾ ਰੱਖੋ ।
4. ਢੀਂਗਰੀ ਖੁੰਬ ਦੇ ਕਿਨਾਰੇ ਜਦੋਂ ਅੰਦਰ ਨੂੰ ਮੁੜ੍ਹਨੇ ਸ਼ੁਰੂ ਹੋ ਜਾਂਦੇ ਹਨ ਤਾਂ ਉਸ ਸਮੇਂ ਉਸ ਦੀ ਤੁੜਾਈ ਵੀ ਕਰਦੇ ਕਰੋ ।

## ਮੁਰਗੀ ਪਾਲਣ

1. ਮੀਟ ਵਾਲੇ ਚੂਚੇ ਪਾਲਣ ਲਈ ਇਹ ਸਮਾਂ ਬਹੁਤ ਢੁੱਕਵਾਂ ਹੈ । ਆਂਡਿਆਂ ਵਾਲੇ ਚੂਚੇ ਪਾਉਣ ਲਈ ਪਹਿਲਾਂ ਹੀ ਵਿਉਂਤ ਬਣਾ ਲੈਣੀ ਚਾਹੀਦੀ ਹੈ ਅਤੇ ਚੂਚੇ ਕਿਸੇ ਭਰੋਸੇਯੋਗ ਹੈਚਰੀ ਤੋਂ ਲੈਣੇ ਚਾਹੀਦੇ ਹਨ ।

2. ਚੂਚੇ ਖਰੀਦਣ ਸਮੇਂ ਉਨ੍ਹਾਂ ਨੂੰ ਮੈਰਕਸ ਬੀਮਾਰੀ ਦੇ ਟੀਕੇ ਲੱਗਣੇ ਚਾਹੀਦੇ ਹਨ ਅਤੇ ਚੂਚੇ ਪਾਉਣ ਤੋਂ ਪਹਿਲਾਂ ਸ਼ੈਡ ਨੂੰ ਕੀਟਾਣੂੰ ਰਹਿਤ ਕਰ ਲੈਣਾ ਚਾਹੀਦਾ ਹੈ । ਚੂਚੇ ਪਹੁੰਚਣ ਉਪਰੰਤ ਪਹਿਲੇ 3 ਦਿਨ 5% ਗੁੜ ਜਾਂ ਖੰਡ ਦਾ ਕੋਸਾ ਗਰਮ ਘੋਲ ਦਿਓ ।

3. ਸਰਦੀਆਂ ਵਿਚ ਫੱਕ ਦੀ ਤਹਿ ਮੋਟੀ ਕਰ ਦਿਓ ਜੋ ਕਿ ਇੱਕ ਫੁੱਟ ਤੱਕ ਵਧਾਈ ਜਾ ਸਕਦੀ ਹੈ ।

4. ਚੂਚਿਆਂ ਨੂੰ ਸ਼ੁਰੂ ਤੋਂ ਹੀ ਲੋੜੀਂਦਾ ਤਾਪਮਾਨ ਦੇਵੋ । ਪਹਿਲੇ ਹਫਤੇ ਇਹ ਤਾਪਮਾਨ 95 ਡਿਗਰੀ ਫਾਰਨਹੀਟ ਹੋਣਾ ਚਾਹੀਦਾ ਹੈ ਅਤੇ ਹਰ ਹਫਤੇ 5 ਡਿਗਰੀ ਘਟਾਉਂਦੇ ਜਾਣਾ ਚਾਹੀਦਾ ਹੈ, ਜਦੋਂ ਤੱਕ ਇਹ 70 ਡਿਗਰੀ ਨਹੀਂ ਹੋ ਜਾਂਦਾ । ਚੂਚੇ ਆਉਣ ਤੋਂ 24 ਘੰਟੇ ਪਹਿਲਾਂ ਬਰੂਡਰ ਚਾਲੂ ਕਰ ਦੇਣਾ ਚਾਹੀਦਾ ਹੈ ।

5. ਚੂਚੇ ਆਉਣ ਤੋਂ ਪਹਿਲਾਂ ਵਿਛਾਈ ਹੋਈ ਸੁੱਕ ਉੱਪਰ ਅਖਬਾਰਾਂ ਵਿਛਾਓ ਅਤੇ ਉਹਨਾਂ ਉੱਪਰ ਮੱਕੀ ਦਾ ਦਲੀਆ ਪਾਓ ਕਿਉਂਕਿ ਇਕ ਦਿਨ ਉਮਰ ਦੇ ਚੂਚੇ ਫੀਡਰਾਂ ਵਿੱਚੋਂ ਫੀਡ ਨਹੀਂ ਲੱਭ ਸਕਦੇ ।

6. ਪੰਛੀਆਂ ਨੂੰ ਲੋੜ ਮੁਤਾਬਕ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ ।

7. ਚੂਚਿਆਂ ਨੂੰ ਸਮੇਂ ਸਿਰ ਮਲੱਪ ਰਹਿਤ ਕਰਨਾ ਚਾਹੀਦਾ ਹੈ ।

8. ਸਮੇਂ ਸਮੇਂ ਸਿਰ ਬੀਮਾਰ ਅਤੇ ਘੱਟ ਪੈਦਾਵਾਰ ਵਾਲੀਆਂ ਮੁਰਗੀਆਂ ਦੀ ਛਾਂਟੀ ਕਰ ਦੇਣੀ ਚਾਹੀਦੀ ਹੈ ।

9. ਪੋਲਟਰੀ ਫਾਰਮ ਅੰਦਰ ਫਜ਼ੂਲ ਦੀ ਆਵਾਜਾਈ ਬੰਦ ਰੱਖੋ । ਫਾਰਮ ਅੰਦਰ ਜਾਣ ਵੇਲੇ ਸ਼ੂ ਕਵਰ ਪਾਓ ।

10. ਪੰਛੀਆਂ ਨੂੰ ਬਾਰ-ਬਾਰ ਨਾ ਛੇੜੋ ਕਿਉਂਕਿ ਇਸ ਨਾਲ ਵਾਧਾ ਅਤੇ ਉਤਪਾਦਨ ਘੱਟ ਜਾਂਦਾ ਹੈ ।

# ਪੁਰਾਤਨ ਬਜ਼ੁਰਗ ਤੇ ਅੱਜ ਦਾ ਸਮਾਜ

ਮੈਂ ਆਪਣੇ ਬਜ਼ੁੱਰਗਾਂ ਨਾਲ ਗੁਜ਼ਾਰੇ ਪਲਾਂ ਦੀ ਤਸਵੀਰ ਨੂੰ ਆਪਣੇ ਬਚਪਨ ਮਨ 'ਚ ਉੱਤਰੀ ਗਈ ਨੂੰ ਯਾਦ ਕਰਦਾ ਹਾਂ । ਉਹ ਦੇ ਮਿੱਠੇ ਤੇ ਸੁਹਾਵਣੇ ਪਰਛਾਵਿਆਂ ਵਿਚ ਜਵਾਨ ਹੋ ਕੇ ਆਖਰੀ ਪੜਾਅ ਵਿਚ ਦਾਖਲ ਹੋ ਗਿਆ ਹੈ । ਉਹ ਬਾਬਿਆਂ ਵਰਗੀਆਂ ਪਾਕ ਪਵਿੱਤਰ ਸੱਚੀਆਂ ਰੂਹਾਂ ਵੇਖਣ ਨੂੰ ਬਹੁਤ ਘੱਟ ਮਿਲਦੀਆਂ ਹਨ । ਬਾਹਰੋਂ ਕਿਸੇ ਦੀ ਦਿੱਖ ਵੇਖ ਕੇ ਬਾਬਾ ਜਾਂ ਬਜ਼ੁਰਗ ਸ਼ਬਦ ਵਰਤ ਲੈਂਦੇ ਹਾਂ ਪਰ ਅੱਜ ਚਿੱਟੀ ਦਾੜੀ ਦੀ ਨਿਸ਼ਾਨੀ ਤੋਂ ਬਾਬਾ ਅਖਵਾਉਣ ਵਾਲਾ ਕੋਈ ਨਹੀਂ ਦਿੱਸਦਾ ਹੈ ।

ਤਜ਼ਰਬਾ ਤੇ ਠੋਕਰਾਂ ਖਾ ਕੇ ਬਜ਼ੁਰਗਾਂ ਵਾਲੀ ਸਿਆਣਪ, ਅਕਲ ਨਹੀਂ ਆਈ ਤਾਂ ਫਿਰ ਗੱਲ ਬਣਦੀ ਅਤੇ ਬਰਫ ਵਰਗੇ ਚਿੱਟੇ ਵਾਲ ਕੋਈ ਅਰਥ ਨਹੀਂ ਰੱਖਦੇ । ਬਾਬੇ ਵਰਗੇ ਸਤਿਕਾਰਯੋਗ ਸ਼ਬਦ ਨਾਲ ਸੰਬੋਧਨ ਕਰਨਾ ਗਲਤ ਹੀ ਹੋਵੇਗਾ ।

ਵਿਆਹ ਸ਼ਾਦੀਆਂ ਸਮੇਂ ਬਾਬੇ ਅਗਲੀ ਕਤਾਰ ਵਿਚ ਹੋ ਕੇ ਪ੍ਰਬੰਧਾਂ ਦਾ ਜ਼ਾਇਜਾ ਲੈਂਦੇ ਤੇ ਤਜ਼ਰਬੇ ਦੂਜਿਆਂ ਨਾਲ ਸਾਂਝੇ ਕਰਦੇ ਸਨ । ਸਮਾਜ ਭਲਾਈ ਦੇ ਹਰੇਕ ਕੰਮ ਵਿਚ ਹੀ ਉਨ੍ਹਾਂ ਦੀ ਰਾਇ ਪ੍ਰਬਲ ਹੁੰਦੀ । ਸਮਾਜ ਵਿਚ ਦੁੱਖ ਸੁੱਖ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ, ਨਿੱਜੀ ਝਗੜੇ ਘੱਟ ਹੁੰਦੇ ਹਨ । ਪਿੰਡ ਵਿਚ ਕਤਲਾਂ ਦੀ ਨੌਬਤ ਘੱਟ ਆਉਂਦੀ ਸੀ । ਬਾਬੇ ਤਾਂ ਪਸ਼ੂਆਂ ਨੂੰ ਮਾਰਨ ਤੋਂ ਗੁਰੇਜ਼ ਕਰਦੇ ਸਨ ਅਤੇ ਆਖਦੇ ਕਿ ਪਾਪ ਲੱਗੂਗਾ ਸਬਰ ਸੰਤੋਖ ਸ਼ੁਕਰ ਨਾਲ ਜੀਵਨ ਜਿਓਣ ਵਾਲੇ ਲੋਕਾਂ ਦੇ ਸਿਰ ਉੱਪਰ ਬੀਬੀਆਂ ਦਾੜੀਆਂ ਵਾਲੇ ਬਾਬਿਆਂ ਦਾ ਹੱਥ ਹੁੰਦਾ ਸੀ ।

ਬਾਬੇ ਦਇਆਦਾਰੀ, ਪਰਉਪਕਾਰੀ, ਕੰਮ ਵਿਚ ਹਿੱਸਾ ਲੈ ਕੇ ਆਪਣੀ ਪੂਜਣਯੋਗ ਬਜ਼ੁਰਗੀ ਦਾ ਮਿਆਰ ਬਰਕਰਾਰ ਰੱਖਣਾ, ਉਹਨਾਂ ਦਾ ਸ਼ੌਂਕ ਸੀ ।

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028**
ਮੋ: 7814490249

# ਬਹੁਤ ਲਾਹੇਵੰਦ ਹੈ ਅਲਸੀ ਦੀ ਕਾਸ਼ਤ



ਸਰਦੀਆਂ ਵਿਚ ਅਲਸੀ ਤੋਂ ਬਣੀਆਂ ਕਈ ਚੀਜ਼ਾਂ ਦੀ ਵਰਤੋਂ ਠੰਢ ਤੋਂ ਬਚਣ ਲਈ ਕੀਤੀ ਜਾਂਦੀ ਹੈ। ਅਲਸੀ ਦੀ ਬਿਜਾਈ ਅਕਤੂਬਰ ਦੇ ਪਹਿਲੇ ਪੰਦਰ੍ਹਵਾੜੇ ਕਰਨੀ ਚਾਹੀਦੀ ਹੈ। ਅਲਸੀ ਦੀ ਫਸਲ ਜ਼ਿਆਦਾ ਮੀਂਹ ਵਾਲੇ ਇਲਾਕਿਆਂ 'ਚ ਚੰਗੀ ਹੁੰਦੀ ਹੈ। ਚੰਗੇ ਜਲ ਨਿਕਾਸ ਵਾਲੀ ਚੀਕਣੀ ਮਿੱਟੀ ਵਾਲੀ ਜ਼ਮੀਨ ਇਸ ਫਸਲ ਲਈ ਸਭ ਤੋਂ ਚੰਗੀ ਹੁੰਦੀ ਹੈ। ਪੰਜਾਬ 'ਚ ਅਲਸੀ ਦੀ ਕਾਸ਼ਤ ਮੁੱਖ ਤੌਰ 'ਤੇ ਗੁਰਦਾਸਪੁਰ, ਹੁਸ਼ਿਆਰਪੁਰ



ਤੇ ਰੂਪਨਗਰ ਜ਼ਿਲ੍ਹਿਆਂ 'ਚ ਕੀਤੀ ਜਾਂਦੀ ਹੈ। ਅਲਸੀ ਦੀ ਕਾਸ਼ਤ ਬਹੁਤ ਹੀ ਲਾਹੇਵੰਦ ਖੇਤੀ ਹੈ।

ਅਲਸੀ ਦੇ ਦਾਣੇ ਸਿੱਧੇ ਖਾਣ, ਤੇਲ ਤੇ ਰੇਸ਼ੇ ਲਈ ਵਰਤੇ ਜਾਂਦੇ ਹਨ। ਅਲਸੀ ਦਾਣਿਆਂ ਵਿਚ 35-45% ਤੇਲ ਦੀ ਮਾਤਰਾ ਹੁੰਦੀ ਹੈ। ਜੋ ਕਿ ਪੇਂਟ, ਵਾਰਨਿਸ਼, ਪ੍ਰਿੰਟਿੰਗ ਸਿਆਹੀ, ਸਾਬਣ ਅਤੇ ਹੋਰ ਬਹੁਤ ਸਾਰੇ ਉਤਪਾਦਾਂ ਨੂੰ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ। ਅਲਸੀ ਦੇ ਤਣਿਆਂ ਨੂੰ ਕਾਗਜ਼ ਅਤੇ ਟੈਕਸਟਾਈਲ ਉਦਯੋਗ ਵਿਚ ਵਰਤਿਆ ਜਾਂਦਾ ਹੈ।

**ਅਲਸੀ ਦੇ ਬੀਜ** : ਅਲਸੀ ਦੇ ਬੀਜ ਵਿਚ ਸਾਰੇ 8 ਜ਼ਰੂਰੀ ਅਮੀਨੋ ਐਸਿਡ, ਖੁਰਾਕੀ-ਰੇਸ਼ੇ, ਜ਼ਰੂਰੀ ਫੈਟੀ ਐਸਿਡ ਜਿਵੇਂ ਕਿ ਲਿਨੋਲਿਕ ਐਸਿਡ(ਓਮੇਗਾ 6), ਲਿਨੋਲਿਕ ਐਸਿਡ (ਓਮੇਗਾ 3), ਕਾਰਬੋਹਾਈਡਰੇਟਸ, ਵਿਟਾਮਿਨਜ਼, ਖਣਿਜ-ਪਦਾਰਥ ਭਰਪੂਰ ਮਾਤਰਾ ਵਿਚ ਹੁੰਦੇ ਹਨ। ਇਸ ਦੇ ਬੀਜਾਂ ਵਿਚ ਲਿਗਨਨ ਵੀ ਭਰਪੂਰ ਮਾਤਰਾ ਵਿਚ ਹੁੰਦੇ ਹਨ ਜੋ ਕਿ ਐਂਟੀਆਕਸੀਡੈਂਟ ਗੁਣਾਂ ਕਰਕੇ ਜਾਣੇ ਜਾਂਦੇ ਹਨ। ਇਹਨਾਂ ਪੌਸ਼ਟਿਕ ਗੁਣਾਂ ਤੋਂ ਇਲਾਵਾ, ਅਲਸੀ ਵਿਚ ਕੁਪੋਸ਼ਣ-ਵਿਰੋਧੀ ਤੱਤ ਵੀ ਹੁੰਦੇ ਹਨ ਜੋ ਪੌਸ਼ਟਿਕ ਤੱਤਾਂ ਨੂੰ ਪਚਾਉਣ ਵਿਚ ਅੜਚਣ ਪੈਦਾ ਕਰਦੇ ਹਨ। ਇਸ ਲਈ ਅਲਸੀ ਦੇ ਸੇਵਨ ਤੋਂ ਵਧੇਰੇ ਫਾਇਦਾ ਲੈਣ ਲਈ ਇਸ ਦੀ ਪ੍ਰਤੀ ਦਿਨ ਵਰਤੋਂ 50 ਗ੍ਰਾਮ ਤੋਂ ਜ਼ਿਆਦਾ ਨਹੀਂ ਕਰਨੀ ਚਾਹੀਦੀ।

**ਅਲਸੀ ਦੀ ਦਵਾਈਆਂ ਦੇ ਤੌਰ ਤੇ ਮਹੱਤਤਾ** : ਆਧੁਨਿਕ ਸੰਸਾਰ ਵਿਚ ਅਲਸੀ ਦੇ ਸ਼ਾਨਦਾਰ ਗੁਣਾਂ ਅਤੇ ਸਿਹਤ ਸੰਬੰਧੀ ਲਾਭਾਂ ਜਿਵੇਂ ਕਿ ਦਿਲ ਦੀ ਬਿਮਾਰੀਆਂ, ਕੈਂਸਰ, ਸ਼ੂਗਰ, ਨਿਊਰੋਲੋਜੀਕਲ ਅਤੇ ਹਾਰਮੋਨਲ ਵਿਕਾਰਾਂ ਵਰਗੀਆਂ ਬਿਮਾਰੀਆਂ ਨੂੰ ਰੋਕਣ ਦੀ ਸਮਰੱਥਾ ਕਾਰਨ ਇਸ ਦੀ ਮਹੱਤਤਾ ਬਹੁਤ ਵੱਧ ਗਈ ਹੈ। ਓਮੇਗਾ-3 ਫੈਟੀ ਐਸਿਡ, ਪ੍ਰੋਸਟਾਗਲੈਂਡਿਨ ਨਾਮਕ ਹਾਰਮੋਨ ਵਰਗੇ ਮਿਸ਼ਰਣ ਦੇ ਇਕ ਸਮੂਹ ਨੂੰ ਬਣਾਉਣ ਵਿਚ ਜ਼ਰੂਰੀ ਹੁੰਦੇ ਹਨ ਜੋ ਕਿ ਕਈ ਬਿਮਾਰੀਆਂ ਦੇ ਇਲਾਜ ਵਿਚ ਸਹਾਇਕ ਹਨ। ਇਹ ਫੈਟੀ ਐਸਿਡ ਕੈਂਸਰ, ਗੱਠੀਏ, ਹੱਡੀਆਂ ਦੀ ਕਮਜ਼ੋਰੀ ਅਤੇ ਦਿਲ ਦੀਆਂ ਬਿਮਾਰੀਆਂ ਲਈ ਬਹੁਤ ਲਾਹੇਵੰਦ ਹਨ। ਅਲਸੀ ਦਾ ਤੇਲ ਵਾਲਾਂ ਦੇ ਝੜ੍ਹਨ, ਚਮੜੀ ਦੀ ਲਾਗ, ਬਵਾਸੀਰ ਨੂੰ ਦੂਰ ਕਰਨ ਲਈ ਵੀ ਸਹਾਈ ਮੰਨਿਆ ਜਾਂਦਾ ਹੈ, ਸਰੀਰਕ ਮੋਟਾਪੇ ਨੂੰ ਘਟਾਉਣ ਵਿਚ ਸਹਾਇਤਾ ਕਰਦਾ ਹੈ। ਮੱਛੀ ਦਾ ਤੇਲ ਓਮੇਗਾ 3 ਫੈਟੀ ਐਸਿਡ ਦਾ ਮਾਸਾਹਾਰੀ ਸਰੋਤ ਹੈ ਜਦੋਂ ਕਿ ਅਲਸੀ ਦੇ ਤੇਲ ਓਮੇਗਾ 3 ਫੈਟੀ ਐਸਿਡ ਦਾ ਸਾਕਾਹਾਰੀ ਸਰੋਤ ਵਾਂਗ ਵਰਤਿਆ ਜਾ ਸਕਦਾ ਹੈ। ਪੋਲਟਰੀ, ਸੂਰਾਂ ਅਤੇ ਬੱਕਰੀਆਂ ਨੂੰ ਅਲਸੀ ਖੁਆਉਣ ਨਾਲ ਅੰਡੇ, ਸੂਰਾਂ ਅਤੇ ਬੱਕਰੀਆਂ ਦੇ ਮਾਸ ਵਿਚ ਓਮੇਗਾ 3 ਫੈਟੀ ਐਸਿਡ ਦੀ ਮਾਤਰਾ ਵੱਧ ਸਕਦੀ ਹੈ।

**ਅਲਸੀ ਦੀ ਵਰਤੋਂ** : ਲਿਗਨਨ ਅਤੇ ਰੇਸ਼ੇ ਦੀ ਭਰਪੂਰ ਮਾਤਰਾ ਦੇ ਕਾਰਨ ਅਲਸੀ ਦੀ ਤਰ੍ਹਾਂ ਦੀਆਂ ਭੋਜਨ ਸਮੱਗਰੀਆਂ ਬਨਾਉਣ ਵਿਚ ਕੀਤੀ ਜਾ ਰਹੀ ਹੈ। ਇਸ ਦੇ ਪੌਸ਼ਟਿਕ ਅਤੇ ਸਿਹਤ ਲਾਭਾਂ ਦੇ ਕਾਰਨ, ਅਲਸੀ ਦੀਆਂ ਵੱਖ ਵੱਖ ਖਾਣ ਵਾਲੇ ਪਦਾਰਥਾਂ ਉੱਪਰ ਛਿੜਕਣ ਲਈ, ਮੱਕੀ ਦੇ ਸਨੈਕ, ਕੇਕ, ਆਈਸ ਕਰੀਮ, ਦਹੀਂ, ਚਟਨੀ ਜਾਂ ਭੁੰਨੇ ਹੋਏ ਸਨੈਕ ਦੇ ਰੂਪ ਵਿਚ ਵਰਤੋਂ ਲਈ ਅਪਾਰ ਸੰਭਾਵਨਾਵਾਂ ਹਨ। ਭੁੰਨੀ ਹੋਈ ਅਲਸੀ ਦੀ ਵਰਤੋਂ ਬਰੈੱਡ ਅਤੇ ਕਨਫੈਕਸ਼ਨਰੀ ਉਤਪਾਦਾਂ ਵਿਚ ਕੀਤੀ ਜਾ ਸਕਦੀ ਹੈ। ਅਲਸੀ ਯੁਕਤ ਸਫੈਦ-ਓਟਸ, ਭੁੰਨੇ ਹੋਈ ਬੰਗਾਲੀ ਚਨੇ ਅਤੇ ਸੋਇਆ ਪ੍ਰੋਟੀਨ ਆਦਿ ਤੋਂ ਊਰਜਾ-ਬਾਰ ਬਣਾਈ ਜਾਂਦੀ ਹੈ।

**ਡਾ. ਪੁਨੀਤ ਕੌਰ ਰੰਧਾਵਾ ਅਤੇ ਹਰਪਾਲ ਸਿੰਘ ਰੰਧਾਵਾ, ਮਹਾਜਨ ਹਸਪਤਾਲ, ਬਟਾਲਾ**

# ਮੇਰਾ ਬਾਪ ਕਿਹੜਾ ਟਰੱਕ ਚਲਾਉਂਦਾ ਰਿਹਾ!

ਮੇਰਾ ਬਾਪ ਇਕ ਗਰੀਬ ਵਿਅਕਤੀ ਸੀ ਘਰ ਵਿਚ ਗਰੀਬੀ ਘੋਰ ਸਮੱਸਿਆ ਸੀ ਮੈਂ ਦਸਵੀਂ ਪਾਸ ਕਰਨ ਤੋਂ ਬਾਅਦ ਨੌਕਰੀ ਦੀ ਭਾਲ ਵਿਚ ਤੁਰਨ ਫਿਰਨ ਲੱਗਾ ਅਤੇ ਘਰ ਵਿਚ ਵੀ ਬਾਪ ਨਾਲ ਘਰ ਦੇ ਕੰਮਾਂ ਵਿਚ ਖੇਤੀ ਵਿਚ ਹੱਥ ਵਟਾਉਣ ਲੱਗਾ। ਬਾਪ ਦੀ ਕਹੀ ਹਰ ਗੱਲ ਦਾ ਵਫਾਦਾਰ ਸੀ। ਜਿਵੇਂ ਕਹੀ ਜਾਂਦਾ ਉਵੇਂ ਹੀ ਮੈਂ ਕਰੀ ਗਿਆ। ਬਾਪ ਨੇ ਮਾਤਾ ਨਾਲ ਸਲਾਹ ਕੀਤੀ ਕਿ ਕਾਕੇ ਨੂੰ ਇਸ ਦੇ ਮਾਮਿਆਂ ਕੋਲ ਛੱਡ ਦੇਈਏ, ਉਹਨਾਂ ਕੋਲ ਟਰੱਕ ਹਨ। ਇਹ ਟਰੱਕ ਸਿੱਖ ਲਵੇਗਾ ਤੇ ਚਾਰ ਪੈਸੇ ਘਰ ਆ ਜਾਣਗੇ। ਮੇਰੀ ਬੇਬੇ ਕਹਿੰਦੀ ਕਿ ਇਹ ਠੀਕ ਹੋਵੇਗਾ, ਕਿਉਕਿ ਉਹਨਾਂ ਦਾ ਟਰੱਕਾਂ ਦਾ ਕੰਮ ਬਹੁਤ ਤਕੜਾ ਹੈ। ਅਗਲੇ ਦਿਨ ਮੇਰਾ ਬਾਪ ਮੈਨੂੰ ਅਬੋਹਰ ਲੈ ਕੇ ਤੁਰ ਪਿਆ। ਸ਼ਾਮ ਦੇ ਸਮੇਂ ਅਸੀਂ ਬੱਸ ਰਾਹੀਂ ਅਬੋਹਰ ਪਹੁੰਚ ਗਏ। ਮੇਰਾ ਬਾਪ ਮੇਰੀ ਮਾਮੀ ਹੋਰਾਂ ਨੂੰ ਮਿਲਿਆ ਉਸ ਨੇ ਕਿਹਾ ਅੱਜ ਰਾਹ ਉਹ ਦਿੱਲੀ ਗਏ ਹਨ ਆ ਜਾਣਾ ਹੈ। ਜਦ ਆਏ ਕਾਕੇ ਉਹਨਾਂ ਕੋਲ ਗੱਲ ਕਰਕੇ ਛੱਡ ਜਾਣਾ ਕੋਈ ਗੱਲ ਨਹੀਂ ਹੈ।

ਰਾਤ ਦੇ ਸਮੇਂ ਮਾਮੇ ਹੋਰੀਂ ਟਰੱਕ ਲੈ ਕੇ ਦਿੱਲੀਓਂ ਆ ਗਏ। ਮੇਰਾ ਵੱਡਾ ਮਾਮਾ ਸ. ਮੱਖਣ ਸਿੰਘ ਅਬੋਹਰ ਵਿਚ ਕਹਿੰਦਾ ਕਹਾਉਂਦਾ ਟਰੱਕਾਂ ਦਾ ਕਾਰੋਬਾਰੀ ਵਿਅਕਤੀ ਸੀ। ਵਧੀਆ ਤਰੱਕੀ ਕਰਕੇ ਆਪਣੇ ਮੁਕਾਮ ਤੇ ਪਹੁੰਚਿਆ ਸੀ। ਸਵੇਰੇ ਉੱਠਕੇ ਮੇਰੇ ਬਾਪ ਨੇ ਮਾਮੇ ਨਾਲ ਗੱਲਬਾਤ ਕੀਤੀ ਉਹ ਕਹਿੰਦਾ, ਭਾਈਆ ਇਸਨੂੰ ਅੱਗੇ ਪੜ੍ਹਨ ਲਾ ਦਿਓ ਟਰੱਕਾਂ ਦਾ ਧੰਦਾ ਇਤਨਾ ਵਧੀਆ ਨਹੀਂ ਹੈ। ਪਰ ਬਾਪ ਕਹਿੰਦਾ ਕਿ ਮੱਖਣ ਸਿੰਹਾ ਇਸ ਨੂੰ ਏਥੇ ਹੀ ਰੱਖ ਕਿਉਕਿ ਅਸੀਂ ਗਰੀਬ ਹਾਂ ਪੈਸਾ ਧੇਲਾ ਨਹੀਂ ਹੈ। ਇਸ ਲਈ ਸਾਨੂੰ ਪੈਸਿਆਂ ਦੀ ਲੋੜ ਹੈ। ਚਲੋ ਮੈਨੂੰ ਮੇਰਾ ਬਾਪ ਟਰੱਕ ਤੇ ਮਾਮੇ ਕੋਲ ਛੱਡ ਆਇਆ ਮੈਂ ਇਕ ਸਾਲ ਲਾਇਆ ਪਰ ਇਹ ਕੰਮ ਚੰਗਾ ਨਾ ਲੱਗਾ ਡਰਾਇਵਰਾਂ ਦੀ ਬੋਲੀ ਵਿਚ ਖੁਰਦਰਾਪਣ ਰਫ ਬੋਲੀ ਐਵੇਂ ਉਂਗ ਪਤਾਂਗ ਬੋਲੀ ਜਾਣਾ ਮੇਰੇ ਅਨੁਕੂਲ ਨਹੀਂ ਸੀ। ਸਮਾਂ ਚੱਲਦਾ ਗਿਆ।

ਮੇਰਾ ਬਾਪ ਮੈਨੂੰ ਮਿਲਣ ਲਈ ਅਬੋਹਰ ਆਇਆ, ਉਸਨੇ ਸੋਚਿਆ ਕਿ ਕੁੱਝ ਮੁੰਡੇ ਦੀ ਤਨਖਾਹ ਲੈ ਆਵੇਗਾ ਤੇ



**ਜਗਜੀਤ ਸਿੰਘ ਝੱਤਰਾ,**
**ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,**
**ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028**
**ਮੋ: 7814490249**

ਮਿਲ ਆਵਾਂਗਾ। ਸ਼ਾਮ ਨੂੰ ਬਾਪ ਪਹੁੰਚ ਗਿਆ ਅਸੀਂ ਵੀ ਗੱਡੀ ਲੈ ਕੇ ਦਿੱਲੀ ਤੋਂ ਅਬੋਹਰ ਆਏ ਸਾਂ ਮੈਂ ਬਾਹਰ ਪੰਪ ਕੇ ਗੱਡੀ ਲਾ ਕੇ ਸੌਂ ਗਿਆ ਜਦ ਮਾਮਾ ਮੱਖਣ ਸਿੰਘ ਘਰ ਆਇਆ ਤਾਂ ਮੇਰੇ ਬਾਪ ਨੇ ਪੁੱਛਿਆ ਕਿ ਜਗਜੀਤ ਕਿੱਥੇ ਹੈ। ਮਾਮਾ ਬੋਲਿਆ ਕਿ ਉਹ ਗੱਡੀ ਵਿਚ ਸੁੱਤਾ ਹੈ। ਮੇਰਾ ਬਾਪ ਹੈਰਾਨ ਹੋ ਗਿਆ ਕਹਿਣ ਲੱਗਿਆ ਕਿ ਮੁੰਡੇ ਨੂੰ ਘਰ ਸੁਆਇਆ ਕਰੋ ਅਜੇ ਉਹ ਨਿਆਣਾ ਹੈ। ਮਾਮੇ ਨੇ ਅੱਗੋਂ ਕਿਹਾ ਨਹੀਂ ਭਾਈਆ ਕਲੀਡਰ ਨੂੰ ਗੱਡੀ ਚ ਹੀ ਸੌਣਾ ਪੈਂਦਾ ਹੈ। ਦਿਨ ਚੜਦਿਆਂ ਮੇਰਾ ਬਾਪ ਮੇਰੇ ਕੋਲ ਟਰੱਕ ਜਿੱਥੇ ਖੜਾ ਸੀ ਆ ਗਿਆ ਮੈਂ ਅਗਲੇ ਸਾਰੇ ਕਪੜੇ ਲਾ ਕੇ ਮਲੰਗ ਬਣਿਆ ਗੱਡੀ ਠੰਢੇ ਪਾਣੀ ਨਾਲ ਸਿਆਲ ਦੇ ਮਹੀਨੇ ਧੋ ਰਿਹਾ ਸੀ। ਮੇਰਾ ਬਾਪ ਵੇਖਕੇ ਕਹਿਣ ਲੱਗਿਆ ਕਿ ਕਾਕਾ ਕੱਪੜੇ ਪਾ ਲੈ ਆਪਾ ਨਹੀਂ ਟਰੱਕ ਦਾ ਕੰਮ ਕਰਨਾ ਇਹ ਕੋਈ ਕੰਮ ਹੈ। ਜੋ ਤੇਰੀ ਤਨਖਾਹ ਬਣਦੀ ਹੈ ਤਾਂ ਲੈ ਨਹੀਂ ਆਪਾ ਚੱਲੀਏ। ਆਪਣੇ ਕੱਪੜੇ ਜੇ ਹੈ ਤਾਂ ਨਾਲ ਲੈ ਲੈ।

ਇਤਨੇ ਦੇ ਨੂੰ ਮੇਰਾ ਮਾਮਾ ਵੀ ਤਿਆਰ ਹੋ ਕੇ ਗੱਡੀ ਕੋਲ ਆ ਗਿਆ। ਮਾਮੇ ਨੇ ਨੀਨੇ ਫਿੱਕੇ ਰੰਗ ਦਾ ਚਾਦਰਾ ਚਿੱਟਾ ਕੁੜਤਾ ਧੜ ਧੜ ਕਰਦਾ, ਕੱਢਵੀਂ ਚਿੱਟੀ ਤਿੱਲੇ ਦੀ ਨੋਕ ਵਾਲੀ ਜੁੱਤੀ, ਪੱਗ ਫਿੱਕੀ ਨੀਲੀ ਬੱਧੀ ਤੇ ਇਕ ਤੁਰਲਾ ਉੱਪਰ ਨੂੰ ਛੱਡਿਆ ਇਕ ਲੰਮਾ ਲੜ ਥੱਲੇ ਵੱਲ ਛੱਡਿਆ। ਪੂਰੇ ਅਬੋਹਰ ਵਿਚ ਨਾਮ ਸੀ, ਆ ਗਿਆ। ਮੇਰਾ ਬਾਪ ਬੋਲਿਆ ਕਿ ਮੱਖਣ ਸਿੰਹਾ ਮੈਂ ਕਾਕੇ ਪਿੰਡ ਨੂੰ ਲੈ ਚੱਲਿਆਂ, ਭਾਵੇਂ ਗੁੱਸੇ ਰਹਿ ਭਾਵੇਂ ਖੁਸ਼ ਰਹਿ। ਅੱਗੋਂ ਮਾਮਾ ਬੋਲਿਆ ਕੋਈ ਗੱਲ ਨਹੀਂ ਇਕ ਦੋ ਦਿਨ ਤੱਕ ਭੇਜ ਦੇਵਾਂਗੇ ਪਰ ਮੇਰਾ ਬਾਪ ਨਾ ਮੰਨਿਆ। ਤਨਖਾਹ ਬਾਰੇ ਮਾਮੇ ਤੋਂ ਪੁੱਛਿਆ, ਉਸਨੇ ਕਿਹਾ ਕਿ 1000 ਕੁ ਰੁਪਿਆ ਬਣਦਾ ਤੇ 600 ਰੁਪਏ ਦੇ ਇਸ ਨੇ ਕੱਪੜੇ ਤੇ ਜੁੱਤੀ ਲੈ ਲਈ ਸੀ। ਬਾਕੀ ਮੇਰੇ ਕੋਲ ਇਸਦਾ 400 ਰੁਪਿਆ ਹੈ। ਮਾਮੇ ਨੇ ਮੇਰੇ ਬਾਪ ਨੂੰ ਮੇਰਾ ਚਾਰ ਸੌ ਰੁਪਿਆ ਦੇ ਦਿੱਤਾ।

ਮਾਮਾ ਬੋਲਿਆ ਘਰ ਚੱਲੇ ਜਾਓ ਰੋਟੀ ਵਗੈਰਾ ਖਾ ਕੇ ਜਾਇਆ ਜੇ। ਪਰ ਬਾਪ ਕਹਿੰਦੇ ਕਹਿੰਦੇ ਰੋਡਵੇਜ਼ ਦੀ ਬੱਸ ਆਈ ਤੇ ਹੱਥ ਦਿੱਤਾ ਬਸ ਰੁੱਕ ਗਈ ਅਸੀਂ ਦੋਵੇਂ ਪਿਓ ਪੁੱਤ ਭੁੱਖੇ ਹੀ ਸਵਾਰ ਹੋ ਗਏ। ਬੱਸ ਚੜਨ ਤੋਂ ਪਹਿਲਾਂ ਮੇਰੇ ਬਾਪ ਨੇ ਇਕ ਗੱਲ ਕਹੀ ਮੱਖਣ ਸਿੰਘ ਮੇਰਾ ਬਾਪ ਕਿਹੜਾ ਟਰੱਕ ਚਲਾਉਂਦਾ ਰਿਹਾ। ਅਸੀਂ ਪਿੰਡ ਆ ਗਏ ਤੇ ਮੈਨੂੰ ਦੁਬਾਰਾ ਪੜ੍ਹਨ ਲਈ ਬਾਪ ਨੇ ਲੁਧਿਆਣੇ ਲਾ ਦਿੱਤਾ ਤੇ ਮੈਂ B.Sc. ਪਾਸ ਕਰ ਗਿਆ ਤੇ ਨੌਕਰੀ ਸਾਲ ਕਰਕੇ ਘਰ ਆ ਗਿਆ।



## ਵੀਰਾ ਹੋ ਜੂ ਖਤਮ ਕਹਾਣੀ

ਹਰ ਥਾਂ ਗਲੀ ਮੋੜ ਤੇ ਵੇਖੋ, ਬੋਰਡ ਜੀ ਟੀ ਰੋਡ ਤੇ ਵੇਖੋ।
ਲਿਖਿਆ ਉੱਪਰ ਰੁੱਖ ਬਚਾਓ, ਲਿਖਿਆ ਨਾਲ ਜੇ ਪਾਣੀ।
ਵਰਤੋਂ ਨਾ ਕੀਤੀ ਸੋਚ ਸਮਝਕੇ, ਵੀਰਾ ਹੋ ਜੂ ਖਤਮ ਕਹਾਣੀ।
ਜਲ ਬਿਲ ਕੀ ਬਣੇਗਾ ਸੋਚੋ, ਡੂੰਘਾ ਜਾ ਕੇ ਪਾਣੀ ਖੜਿਆ।
ਹਕੂਮਤ ਪਾਉਂਦੀ ਹਾਲ ਦੁਹਾਈ, ਕਿਸੇ ਨਾ ਅਮਲ ਕਰਿਆ।
ਮਨੁੱਖ ਰੁੱਖ ਦਾ ਬਣਿਆ ਵੈਰੀ, ਨਾਲ ਪਾਣੀ ਜ਼ਿੰਦਗਾਨੀ।
ਵਰਤੋਂ ਨਾ ਕੀਤੀ ਸੋਚ ਸਮਝਕੇ, ਵੀਰਾ ਹੋ ਜੂ ਖਤਮ ਕਹਾਣੀ।
ਰਵਾਇਤੀ ਫਸਲਾਂ ਅੱਜ ਹੀ ਬੀਜੋ, ਰਲ ਮਿਲ ਪਾਣੀ ਬਚਾਈਏ।
ਖੁੱਲ੍ਹੀ ਟੂਟੀ ਕਦੇ ਨਾ ਛੱਡੀਏ, ਕਦਰ ਜਲ ਦੀ ਪਾਈਏ।
ਬੀਤਿਆ ਵੇਲਾ ਹੱਥ ਨਾ ਆਵੇ, ਕਰ ਲਵੋ ਬਾਤ ਸਿਆਣੀ।
ਵਰਤੋਂ ਨਾ ਕੀਤੀ ਸੋਚ ਸਮਝਕੇ, ਵੀਰਾ ਹੋ ਜੂ ਖਤਮ ਕਹਾਣੀ।
ਦਹਾਈ 'ਝੱਤਰੇ' ਵਾਲਾ ਪਾਵੇ, ਨਾਹਰਾ ਰਲਕੇ ਲਾਈਏ।
ਵਰਤੋਂ ਕਰੀਏ ਜਿੰਨਾ ਚਾਹੀਏ, ਗੀਤ ਖੁਸ਼ੀ ਦੇ ਗਾਈਏ।
ਅੱਜ ਤੋਂ ਅਨਮੋਲ ਹੀਰੇ ਦੀ, ਜਲ ਦੀ ਕਦਰ ਤੂੰ ਜਾਣੀ।
ਵਰਤੋਂ ਨਾ ਕੀਤੀ ਸੋਚ ਸਮਝਕੇ, ਵੀਰਾ ਹੋ ਜੂ ਖਤਮ ਕਹਾਣੀ।

## ਖਤਮ ਹੋ ਗਿਆ ਪਾਣੀ

ਮਨੁੱਖ ਮਗਰੋਂ ਪਹਿਲਾਂ ਪਾਣੀ, ਬਚ ਜਾਣ ਇਹ ਗਲ ਸਿਆਣੀ।
ਪਾਣੀ ਸਦਕਾ ਜੰਗਲ ਬੇਲੇ, ਜੀਵਨ ਬਿਨ ਨਾ ਪਾਣੀ।
ਛੋਟੇ ਬੂਟੇ ਰੁੱਖ ਬਨਣਗੇ, ਬਿਨਾਂ ਪਾਣੀ ਕੀ ਕਰਨਗੇ।
ਪਾਣੀ ਦੀ ਬੂੰਦ ਬਚਾਣੀ, ਜੀਵਨ ਬਿਨ ਨਾ ਪਾਣੀ।
'ਜਗਜੀਤ' ਮੁੱਕਦਾ ਜਾਏ ਪਾਣੀ, ਚਿੰਤਾ ਵਾਲੀ ਹੋਈ ਕਹਾਣੀ।
ਆਓ ਸੁਲਝਾਏ ਉਲਝੀ ਤਾਣੀ, ਜੀਵਨ ਬਿਨਾਂ ਨਾ ਪਾਣੀ।

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028 ਮੋ: 7814490249**

# ਤੀਜੀ ਹਰੀ ਕ੍ਰਾਂਤੀ ਵਿਚ ਕਾਰਗਰ ਸਾਬਤ ਹੋਵੇਗੀ 'ਡਰੋਨ ਪ੍ਰਣਾਲੀ'



**ਡਾ. ਮਨਸੁਖ ਮਾਂਡਵੀਆ, ਕੇਂਦਰੀ ਰਸਾਇਣ ਅਤੇ ਖਾਦ ਮੰਤਰੀ**

ਪੰਜਾਬ ਦੇ ਹਰੇ-ਭਰੇ ਖੇਤਾਂ ਦੀ ਹਰਿਆਲੀ ਕੋਲੋਂ ਲੰਘਦਿਆਂ ਹੋਇਆਂ ਮੇਰਾ ਧਿਆਨ ਕਿਤੇ ਦੂਰ ਗੂੰਜਦੀ ਇਕ ਆਵਾਜ਼ ਵੱਲ ਖਿੱਚਿਆ ਗਿਆ। ਮੈਂ ਦੇਖਣਾ ਚਾਹੁੰਦਾ ਸੀ ਕਿ ਇਹ ਆਵਾਜ਼ ਕਿਥੋਂ ਆ ਰਹੀ ਹੈ, ਜਦੋਂ ਮੈਂ ਗੱਡੀ 'ਚੋਂ ਉਤਰਿਆ ਤਾਂ ਮੇਰਾ ਸਵਾਗਤ ਦੋ ਕਿਸਾਨਾਂ ਨੇ ਕੀਤਾ। ਉਹ ਡਰੋਨ ਰਾਹੀਂ ਨੈਨੋ ਯੂਰੀਆ ਦਾ ਛਿੜਕਾਅ ਕਰ ਹਰੇ ਸਨ। ਦੇਸ਼ ਦੇ ਇਕ ਦਿਹਾਤੀ ਖੇਤਰ ਵਿਚ ਕਿਸਾਨਾਂ ਵਲੋਂ ਇਕ ਨਵੀਂ



ਤਕਨੀਕ ਨੂੰ ਇੰਨੇ ਉਤਸ਼ਾਹਪੂਰਵਕ ਸਵੀਕਾਰ ਕੀਤੇ ਜਾਣ ਨੂੰ ਦੇਖ ਕੇ ਮੈਨੂੰ ਖੁਸ਼ੀ ਹੋਈ ਮੈਨੂੰ ਲੱਗਿਆ ਕਿ ਇਹ ਭਾਰਤ ਦੇ ਖੇਤੀਬਾੜੀ ਖੇਤਰ ਦੇ ਲਈ ਉਹ 'ਡਰੋਨ ਪਲ' ਸੀ ਜਿਸ ਨੇ ਸਾਡੇ ਦੇਸ਼ ਵਿਚ 'ਡਰੋਨ ਅੰਦੋਲਨ' ਦੀ ਸ਼ੁਰੂਆਤ ਕੀਤੀ ਸੀ। ਕਿਸਾਨਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਖੇਤੀਬਾੜੀ-ਡਰੋਨ ਬਾਰੇ ਜਾਣਕਾਰੀ ਉਨ੍ਹਾਂ ਦੇ ਪਿੰਡ ਵਿਚ 'ਵਿਕਸਿਤ ਭਾਰਤ ਸੰਕਲਪ ਯਾਤਰਾ' ਦੇ ਦੌਰਾਨ ਮਿਲੀ ਅਤੇ ਇਹ ਨਵੀਂ ਤਕਨੀਕ ਉਨ੍ਹਾਂ ਦੇ ਖੇਤਾਂ ਵਿਚ ਸਭ ਤੋਂ ਕੁਸ਼ਲ ਤਰੀਕੇ ਨਾਲ ਤਰਲ ਖਾਦਾਂ ਅਤੇ ਕੀਟਨਾਸ਼ਕਾਂ ਦੇ ਛਿੜਕਾਅ ਲਈ ਬੇਹੱਦ ਉਪਯੋਗੀ ਹੈ।

ਭਾਰਤੀ ਖੇਤੀਬਾੜੀ ਨੇ ਪਹਿਲਾਂ ਹੀ ਟਰੈਕਟਰ ਤੱਕ ਦਾ ਸਫਰ ਤੈਅ ਕੀਤਾ ਹੈ। ਮੈਂ ਹੁਣ ਖੇਤੀਬਾੜੀ ਕਾਰਜਾਂ ਵਿਚ ਡਰੋਨ ਦੇ ਉਪਯੋਗ ਨੂੰ ਖੇਤੀਬਾੜੀ ਕ੍ਰਾਂਤੀ ਦੀ ਤੀਸਰੀ ਲਹਿਰ ਦੇ ਰੂਪ ਵਿੱਚ ਦੇਖ ਰਿਹਾ ਹਾਂ। ਖੇਤੀਬਾੜੀ-ਡਰੋਨ ਤਕਨੀਕ ਸਾਡੀ ਖੇਤੀਬਾੜੀ ਤਰੀਕਿਆਂ ਨੂੰ ਆਧੁਨਿਕ ਬਣਾਉਣ ਅਤੇ ਬਦਲਣ ਵਿਚ ਅਹਿਮ ਸਾਬਿਤ ਹੋ ਰਹੀ ਹੈ। ਹੈਂਡ ਪੰਪਾਂ ਦੇ ਮਾਧਿਅਮ ਨਾਲ ਕੀਟਨਾਸ਼ਕਾਂ ਅਤੇ ਤਰਲ ਖਾਦਾਂ ਦੇ ਛਿੜਕਾਅ ਦੇ ਦਿਨ ਚਲੇ ਗਏ। ਹੁਣ ਇਸ ਦੀ ਜਗ੍ਹਾ ਡਰੋਨ ਨਾਲ ਛਿੜਕਾਅ ਦੀ ਵਧੇਰੇ ਕੁਸ਼ਲ ਅਤੇ ਉਤਪਾਦਕ ਤਕਨੀਕੀ ਲੈ ਰਹੀ ਹੈ। ਖੇਤੀਬਾੜੀ ਖੇਤਰ ਦੀ ਕੁਸ਼ਲਤਾ ਅਤੇ ਉਤਪਾਦਕਤਾ ਵਿਚ ਸੁਧਾਰ ਲਈ ਖੇਤੀਬਾੜੀ ਢੰਗਾਂ ਦਾ ਆਧੁਨਿਕੀਕਰਨ ਜ਼ਰੂਰੀ ਅਤੇ ਲਾਜ਼ਮੀ ਹੈ, ਤਾਂ ਕਿ ਖੁਰਾਕੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ, ਜੋ ਕਿ ਵਿਕਸਿਤ ਅਤੇ ਆਤਮ-ਨਿਰਭਰ ਭਾਰਤ ਦਾ ਇਕ ਮਹੱਤਵਪੂਰਨ ਤੱਤ ਹੈ।

1960 ਦੇ ਦਹਾਕੇ ਦੀ ਹਰੀ ਕ੍ਰਾਂਤੀ ਸਮੇਂ ਨਵੇਂ ਖੇਤੀਬਾੜੀ ਉਪਕਰਨ, ਐੱਚ. ਵਾਈ. ਵੀ. (ਉੱਚ ਉਤਪਾਦਕਤਾ ਕਿਸਮਾਂ) ਬੀਜ, ਕੀਟਨਾਸ਼ਕ ਅਤੇ ਰਸਾਇਣਕ ਖਾਦਾਂ ਦੇ ਉਪਯੋਗ ਦੀ ਸ਼ੁਰੂਆਤ ਹੋਈ ਸੀ। ਪਿਛਲੇ ਕੁਝ ਵਰ੍ਹਿਆਂ ਵਿਚ ਸਾਡੇ ਵਾਤਾਵਰਨ, ਮਿੱਟੀ ਦੀ ਸਿਹਤ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਦੀ ਲੰਬੇ ਸਮੇਂ ਤੱਕ ਸਥਿਰਤਾ ਬਣਾਈ ਰੱਖਣ ਲਈ, ਖਾਦਾਂ ਦੀ ਵਧੇਰੇ ਸੰਤੁਲਿਤ ਵਰਤੋਂ ਨੂੰ ਯਕੀਨੀ ਬਣਾਉਣ ਦੀ ਤਤਕਾਲ ਜ਼ਰੂਰਤ ਮਹਿਸੂਸ ਕੀਤੀ ਗਈ। ਖੁਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਇਸ ਦੀ ਅਪੀਲ 2019 ਵਿਚ ਸੁਤੰਤਰਤਾ ਦਿਵਸ ਦੇ ਅਵਸਰ 'ਤੇ ਲਾਲ ਕਿਲ੍ਹੇ ਦੀ ਫਸੀਲ ਤੋਂ ਕੀਤੀ ਸੀ। ਇਸ ਤੋਂ ਪ੍ਰੇਰਿਤ ਹੋ ਕੇ ਸਰਕਾਰ ਨੇ ਬਾਇਓ, ਨੈਨੋ ਅਤੇ ਕੁਦਰਤੀ ਖਾਦਾਂ ਵਰਗੀਆਂ ਬਦਲੀਆਂ ਖਾਦਾਂ ਨੂੰ ਹੁਲਾਰਾ ਦੇਣ ਲਈ ਪੀ. ਐੱਮ. ਪ੍ਰਣਾਮ ਅਤੇ ਗੋਬਰਧਨ ਵਰਗੀਆਂ ਕਈ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ। ਇਨ੍ਹਾਂ ਨਵੀਆਂ ਪਹਿਲਾਂ ਬਾਰੇ ਜਾਗਰੂਕਤਾ ਵਧਾਉਣ ਅਤੇ ਕਿਸਾਨਾਂ ਨੂੰ ਇਕ ਹੀ ਛੱਤ ਦੇ ਹੇਠਾਂ ਏਕੀਕ੍ਰਿਤ ਹੱਲ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਕਿਸਾਨ ਸਮ੍ਰਿੱਧੀ ਕੇਂਦਰ (ਪੀ. ਐੱਮ. ਕੇ. ਐੱਸ. ਕੇ.) ਦੀ ਸਥਾਪਨਾ ਕੀਤੀ ਗਈ ਹੈ।

ਸਵਦੇਸ਼ੀ ਤੌਰ 'ਤੇ ਵਿਕਸਿਤ ਨੈਨੋ ਖਾਦ ਬਿਹਤਰ ਹੈ ਕਿਉਂਕਿ ਉਹ ਰਵਾਇਤੀ ਰਸਾਇਣਕ ਖਾਦਾਂ ਦਾ ਵਾਤਾਵਰਨ-ਅਨੁਕੂਲ ਅਤੇ ਪ੍ਰਭਾਵੀ ਬਦਲ ਮੁਹੱਈਆ ਕਰਦੀ ਹੈ। ਹੁਣ ਰਵਾਇਤੀ ਯੂਰੀਆ ਦੀ 45 ਕਿਲੋਗ੍ਰਾਮ ਦੀ ਬੋਰੀ ਦੀ ਥਾਂ ਨੈਨੋ ਯੂਰੀਆ ਦੀ ਅੱਧਾ ਲੀਟਰ ਦੀ ਬੋਤਲ ਨੇ ਲੈ ਲਈ ਹੈ। ਇਸ ਨਾਲ ਮਿੱਟੀ ਦੀ ਗੁਣਵੱਤਾ ਬਣਾਈ ਰੱਖਣ ਅਤੇ ਫਸਲ ਦੀ ਉੱਪਜ ਵਿਚ ਸੁਧਾਰ ਕਰਨ 'ਚ ਸਹਾਇਤਾ ਮਿਲ ਰਹੀ ਹੈ। ਨਾਲ ਹੀ ਬਿਹਤਰ ਪੋਸ਼ਕ ਤੱਤ ਉਪਯੋਗ ਕੁਸ਼ਲਤਾ ਅਤੇ ਆਸਾਨ ਪ੍ਰਬੰਧਨ ਜਿਹੇ ਕਈ ਫਾਇਦੇ ਵੀ ਹਨ। ਇਸ ਦੀ ਵਿਆਪਕ ਮਨਜ਼ੂਰੀ ਯਕੀਨੀ ਬਣਾਉਣ ਵਿਚ ਅਗਲੀ ਚੁਣੌਤੀ ਕੁਸ਼ਲ ਪ੍ਰਯੋਗ ਪ੍ਰਣਾਲੀ ਦੀ ਇਕ ਵਿਧੀ ਵਿਕਸਿਤ ਕਰਨਾ, ਆਸਾਨੀ ਨਾਲ ਅਪਣਾਉਣ ਲਈ ਇਕ 'ਈਕੋਸਿਸਟਮ' ਦਾ ਨਿਰਮਾਣ ਕਰਨਾ ਅਤੇ ਖੇਤੀਬਾੜੀ ਭਾਈਚਾਰੇ ਤੱਕ ਦਾ ਪ੍ਰਭਾਵੀ ਢੰਗ ਨਾਲ ਸੰਚਾਰ ਕਰਨਾ ਸੀ।

ਭਾਰਤ ਦੇ ਯੁਵਾ ਅਤੇ ਗਤੀਸ਼ੀਲ ਸਟਾਰਟਅੱਪਸ ਦੁਆਰਾ ਕਿਸਾਨ ਡਰੋਨ ਦਾ ਵਿਕਾਸ ਤਰਲ ਖਾਦਾਂ ਦੀ ਵਰਤੋਂ ਲਈ ਇਕ ਪ੍ਰਭਾਵੀ ਅਤੇ ਕੁਸ਼ਲ ਤਕਨੀਕ ਪ੍ਰਦਾਨ



ਕਰਦਾ ਹੈ। ਮਿੰਟਾਂ ਵਿਚ ਇਕ ਏਕੜ ਭੂਮੀ 'ਤੇ ਛਿੜਕਾਅ ਕਰਨ ਦੀ ਸਮਰੱਥਾ ਆਪਣੇ ਖੇਤਾਂ ਵਿਚ ਮਿਹਨਤ ਕਰਨ ਵਾਲੇ ਕਿਸਾਨਾਂ ਲਈ ਵਰਦਾਨ ਸਾਬਤ ਹੋਈ। ਆਪਣੇ ਕੋਲ ਵਧੇਰੇ ਖਾਲੀ ਸਮਾਂ ਹੋਣ ਨਾਲ, ਕਿਸਾਨ ਆਪਣੀ ਕਮਾਈ ਵਧਾਉਣ ਅਤੇ ਆਪਣੇ ਜੀਵਨ ਪੱਧਰ ਵਿਚ ਸੁਧਾਰ ਕਰਨ ਲਈ ਵਧੇਰੇ ਹੋਰ ਉਤਪਾਦਕ ਕੰਮ ਕਰ ਸਕਦੇ ਹਨ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਟੀਚਾ ਮਹਿਲਾਵਾਂ ਨੂੰ ਸਸ਼ਕਤ ਬਣਾਉਣਾ ਅਤੇ ਦੇਸ਼ ਦੇ ਵਿਕਾਸ ਵਿਚ ਮਹਿਲਾਵਾਂ ਦੀ ਹਿੱਸੇਦਾਰੀ ਵਧਾਉਣਾ ਹੈ। ਉਨ੍ਹਾਂ ਨੇ 30 ਨਵੰਬਰ ਨੂੰ ਵਿਕਸਿਤ ਭਾਰਤ ਸੰਕਲਪ ਯਾਤਰਾ ਵਿਚ ਲਾਭਪਾਤਰੀਆਂ ਨਾਲ ਗੱਲਬਾਤ ਦੌਰਾਨ 'ਨਮੋ ਡਰੋਨ ਦੀਦੀ' ਦੀ ਸ਼ੁਰੂਆਤ ਖੁਦ ਕੀਤੀ। ਇਸ ਦਾ ਉਦੇਸ਼ ਆਸਾਨ ਵਿੱਤੀ ਹੱਲ ਮੁਹੱਈਆ ਕਰਵਾ ਕੇ ਖੇਤੀਬਾੜੀ ਉਦੇਸ਼ਾਂ ਲਈ ਕਿਸਾਨਾਂ ਨੂੰ ਕਿਰਾਏ 'ਤੇ ਡਰੋਨ ਉਪਲਬਧ ਕਰਵਾਉਣਾ ਹੈ। ਇਸ ਲਈ 'ਨਮੋ ਡਰੋਨ ਦੀਦੀ' ਦੇ ਤਹਿਤ 15,000 ਚੁਣੀਆਂ ਹੋਈਆਂ ਮਹਿਲਾ ਸੈਲਫ ਹੈਲਪ ਗਰੁੱਪਸ (ਐੱਸ ਐੱਚ ਜੀ) ਨੂੰ ਡਰੋਨ ਦਿੱਤੇ ਜਾ ਰਹੇ ਹਨ।

ਇਹ ਅਨੋਖੀ ਪਹਿਲ ਨਾ ਸਿਰਫ ਕਿਸਾਨਾਂ ਨੂੰ ਤਰਲ ਖਾਦ ਅਤੇ ਕੀਟਨਾਸ਼ਕਾਂ ਦੇ ਛਿੜਕਾਅ ਲਈ ਡਰੋਨ ਆਸਾਨੀ ਨਾਲ ਉਪਲਬਧ ਕਰਾਵੇਗੀ, ਬਲਕਿ ਮਹਿਲਾ ਸਸ਼ਕਤੀਕਰਨ ਅਤੇ ਪਿੰਡਾਂ ਦੀ ਤਰੱਕੀ ਵਿਚ ਵੀ ਯੋਗਦਾਨ ਪਾਵੇਗੀ। ਇਹ ਭਾਰਤ ਵਿਚ ਡਰੋਨ ਤਕਨੀਕ ਨੂੰ ਵੀ ਹੁਲਾਰਾ ਦੇਵੇਗੀ ਅਤੇ ਡਰੋਨ ਨਿਰਮਾਣ ਸਟਾਰਟਅੱਪ ਨੂੰ ਮੁੜ-ਨਿਰਮਾਣ ਸਹੂਲਤਾਂ ਸਥਾਪਿਤ ਕਰਨ ਵਿਚ ਮਦਦ ਕਰੇਗੀ। ਇਸ ਨਾਲ ਦੇਸ਼ ਦੇ ਦੂਰ-ਦਰਾਜ ਦੇ ਇਲਾਕਿਆਂ ਵਿਚ ਡਰੋਨ ਚਾਲਕਾਂ ਅਤੇ ਡਰੋਨ ਮਕੈਨਿਕਾਂ ਦੇ ਰੂਪ ਵਿਚ ਔਰਤਾਂ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਅਤੇ ਨਾਲ ਹੀ ਦਿਹਾਤੀ ਅਤੇ ਸ਼ਹਿਰੀ ਅਰਥ ਵਿਵਸਥਾ ਨੂੰ ਵੀ ਹੁਲਾਰਾ ਮਿਲੇਗਾ। ਪ੍ਰਭਾਵੀ ਸੰਵਾਦ ਕਿਸੇ ਵੀ ਨਵੀਂ ਪਹਿਲ ਦੇ ਸਫਲ ਹੋਣ ਲਈ ਸਭ ਤੋਂ ਮਹੱਤਵਪੂਰਨ ਹੈ। 15 ਨਵੰਬਰ, 2023 ਤੋਂ ਸ਼ੁਰੂ ਹੋਈ ਦੇਸ਼ਵਿਆਪੀ ਵਿਕਸਿਤ ਭਾਰਤ ਸੰਕਲਪ ਯਾਤਰਾ ਵਿਚ ਡਰੋਨ ਇਕ ਪ੍ਰਮੁੱਖ ਆਕਰਸ਼ਨ ਬਣ ਗਏ ਹਨ। ਯਾਤਰਾ ਦੇ ਦੌਰਾਨ ਸਾਰੇ ਰਾਜਾਂ ਵਿਚ 50,000 ਤੋਂ ਅਧਿਕ ਡਰੋਨ ਪ੍ਰਦਰਸ਼ਨ ਹੋਏ ਹਨ। ਇਨ੍ਹਾਂ ਪ੍ਰਦਰਸ਼ਨਾਂ ਨੇ ਕਿਸਾਨਾਂ ਵਿਚ ਆਪਣੀ ਖੇਤੀ ਦੇ ਕੰਮਾਂ-ਕਾਰਾਂ ਲਈ ਇਸ ਨਵੀਂ ਉੱਚ-ਪੱਧਰ ਤਕਨੀਕ ਨੂੰ ਅਪਣਾਉਣ ਦੀ ਰੁਚੀ ਪੈਦਾ ਕੀਤੀ ਹੈ।

# ਸਰਦੀਆਂ ਦੌਰਾਨ ਮੂੰਹ-ਖੁਰ ਦੀ ਬਿਮਾਰੀ ਤੋਂ ਸਾਵਧਾਨ

ਇਹ ਬਿਮਾਰੀ ਵਿਦੇਸ਼ੀ ਅਤੇ ਦੋਗਲੀ ਨਸਲ ਦੇ ਪਸ਼ੂਆਂ ਵਿਚ ਜ਼ਿਆਦਾ ਨੁਕਸਾਨ ਕਰਦੀ ਹੈ ਅਤੇ ਇਸਦੇ ਵਿਸ਼ਾਣੂ ਆਮ ਤੌਰ ਤੇ ਵਰਤੇ ਜਾਣ ਵਾਲੇ ਕੀਟਾਣੂ ਨਾਸ਼ਕਾਂ ਨਾਲ ਨਹੀਂ ਮਰਦੇ ਅਤੇ ਪ੍ਰਭਾਵਿਤ ਫਾਰਮ ਉੱਪਰ ਕਈ ਮਹੀਨਿਆਂ ਤੱਕ ਜਿਊਂਦੇ ਰਹਿ ਸਕਦੇ ਹਨ।

**ਬਿਮਾਰੀ ਦੇ ਫੈਲਣ ਦੇ ਕਾਰਨ** : ਇਹ ਰੋਗ ਪਸ਼ੂਆਂ ਵਿਚ ਤੇਜ਼ੀ ਨਾਲ ਫੈਲਦਾ ਹੈ ਤੇ ਸਮੇਂ ਵਿਚ ਝੁੰਡ ਜਾਂ ਪੂਰੇ ਪਿੰਡ ਦੇ ਪਸ਼ੂਆਂ ਵਿਚ ਫੈਲ ਜਾਂਦਾ ਹੈ। ਇਹ ਵਿਸ਼ਾਣੂ ਬਿਮਾਰ ਪਸ਼ੂ ਦੇ ਸਾਰੇ ਰਿਸਾਵਾਂ ਵਿੱਚੋਂ ਰਿਸਦਾ ਹੈ ਅਤੇ ਅਨੁਕੂਲ ਵਾਤਾਵਰਨ ਵਿਚ ਹਵਾ ਰਾਹੀਂ, ਜ਼ਮੀਨੀ ਸਤ੍ਹਾ ਤੇ ਦੱਸ ਕਿਲੋਮੀਟਰ ਤੱਕ ਫੈਲ ਸਕਦਾ ਹੈ। ਤੰਦਰੁਸਤ ਜਾਨਵਰ ਵਿਚ ਬਿਮਾਰੀ, ਬਿਮਾਰ ਪਸ਼ੂਆਂ ਦੇ ਸੰਪਰਕ ਵਿਚ ਆਉਣ ਅਤੇ ਸਾਹ ਰਾਹੀਂ ਹੁੰਦੀ ਹੈ। ਹੋਰ ਸਮਾਨ ਜਿਵੇਂ ਕਿ : ਚਾਰਾ, ਬਰਤਨ, ਕੰਮ ਕਰਨ ਵਾਲੇ ਵਿਅਕਤੀ ਜੋ ਬਿਮਾਰ ਪਸ਼ੂਆਂ ਦੇ ਸੰਪਰਕ ਵਿਚ ਆਏ ਹੋਣ, ਬਿਮਾਰੀ ਨੂੰ ਫੈਲਾਉਣ ਦਾ ਕੰਮ ਕਰਦੇ ਹਨ। ਬਿਮਾਰ ਪਸ਼ੂ ਦਾ ਵੀਰਜ ਵੀ ਬਿਮਾਰੀ ਫੈਲਾਅ ਸਕਦਾ ਹੈ। ਇਹ ਵਿਸ਼ਾਣੂ ਕੱਚੇ ਮੀਟ ਅਤੇ ਕੱਚੇ ਦੁੱਧ (ਬਿਨਾਂ ਉਬਾਲੇ ਹੋਏ) ਵਿਚ ਹੁੰਦਾ ਹੈ।

**ਬਿਮਾਰੀ ਦੇ ਲੱਛਣ** : ਤੇਜ਼ ਬੁਖਾਰ ਹੋਣਾ ($104^{0}$-$105^{0}$ F)। ਮੂੰਹ ਵਿੱਚੋਂ ਲਾਰਾਂ ਡਿੱਗਦੀਆਂ ਹਨ ਅਤੇ ਮੂੰਹ ਵਿਚ ਛਾਲੇ ਹੋ ਜਾਂਦੇ ਹਨ। ਖੁਰਾਂ ਦੇ ਵਿੱਚ ਵੀ ਛਾਲੇ ਅਤੇ ਜ਼ਖਮ ਹੋ ਜਾਂਦੇ ਹਨ ਅਤੇ ਪਸ਼ੂ ਵਿਚ ਲੰਗੜਾਪਨ ਆ ਜਾਂਦਾ ਹੈ। ਪਸ਼ੂ ਪੱਠੇ ਨਹੀਂ ਖਾਂਦਾ ਜਿਸ ਨਾਲ ਪਸ਼ੂ ਦਾ ਭਾਰ ਅਤੇ ਦੁੱਧ ਬਹੁਤ ਤੇਜ਼ੀ ਨਾਲ ਘੱਟ ਜਾਂਦਾ ਹੈ। ਗੱਭਣ ਪਸ਼ੂ ਤੂਅ ਜਾਂਦੇ ਹਨ। ਵੱਛੜੂਆਂ ਵਿਚ ਵਿਸ਼ਾਣੂ ਦੇ ਦਿਲ ਉੱਤੇ ਮਾੜਾ ਅਸਰ ਹੋਣ ਕਰਕੇ ਬਿਨ੍ਹਾਂ ਹੋਰ ਕੋਈ ਲੱਛਣ ਦਿਸੇ ਅਚਾਨਕ ਮੌਤ ਹੋ ਜਾਂਦੀ ਹੈ। ਬਿਮਾਰੀ ਠੀਕ ਹੋਣ ਤੋਂ ਬਾਅਦ ਦੀ ਪਸ਼ੂਆਂ ਵਿਚ ਲੰਗੜਾਪਣ, ਹੌਂਕਣਾ ਅਤੇ ਦੁੱਧ ਦਾ ਸੁੱਕ ਜਾਣਾ ਵਰਗੀਆਂ ਅਲ੍ਹਾਮਤਾਂ ਰਹਿ ਜਾਂਦੀਆਂ ਹਨ।

**ਬਿਮਾਰੀ ਦੀ ਪਛਾਣ** : ਬਿਮਾਰੀ ਦੇ ਲੱਛਣਾਂ ਤੋਂ ਇਸ ਬਿਮਾਰੀ ਦੀ ਪਛਾਣ ਕੀਤੀ ਜਾ ਸਕਦੀ ਹੈ। ਟਿਸ਼ੂ ਕਲਚਰ, ਓਲੀਸ਼ਅ ਅਤੇ ਪੀ.ਸੀ.ਆਰ ਵਰਗੇ ਟੈਸਟਾਂ ਨਾਲ ਬਿਮਾਰੀ ਦੀ ਪਛਾਣ ਕੀਤੀ ਜਾਂਦੀ ਹੈ। ਇਸ ਲਈ ਬਿਮਾਰ ਪਸ਼ੂ ਤੇ ਮੂੰਹ ਦੇ ਛਾਲਿਆਂ ਦੀ ਝਿਲੀ ਤੇ ਪਾਣੀ ਜਾਂ ਮੂੰਹ ਦੀਆਂ ਲਾਰਾਂ ਦਾ ਸੈਂਪਲ ਲੈਬੋਰਟਰੀ ਨੂੰ ਭੇਜਣਾ ਚਾਹੀਦਾ ਹੈ।

**ਬਿਮਾਰੀ ਦੀ ਇਲਾਜ** : ਬਿਮਾਰੀ ਦੇ ਲੱਛਣਾਂ ਅਨੁਸਾਰ ਇਲਾਜ ਕੀਤਾ ਜਾਂਦਾ ਹੈ। ਮੂੰਹ ਦੇ ਛਾਲਿਆਂ ਨੂੰ ਲਾਲ ਦਵਾਈ



ਦੇ ਘੋਲ (1:1000) ਨਾਲ ਧੋਇਆ ਜਾ ਸਕਦਾ ਹੈ ਅਤੇ ਬੋਰੋਗਲੈਸਰੀਨ 850 ਐਮ. ਐਲ. (ਗਲੈਸਰੀਨ) ਅਤੇ 120 ਗ੍ਰਾਮ ਬੋਰੈਕਸ ਲਗਾਈ ਜਾ ਸਕਦੀ ਹੈ। ਪੈਰਾਂ ਦੇ ਛਾਲਿਆਂ ਨੂੰ ਵੀ ਲਾਲ ਦਵਾਈ ਨਾਲ ਸਾਫ ਕੀਤਾ ਜਾ ਸਕਦਾ ਹੈ। ਸੈਕੰਡਰੀ ਬੈਕਟੀਰੀਅਲ ਇਨਫੈਕਸ਼ਨ ਤੋਂ ਬਚਾਉਣ ਲਈ ਐਂਟੀਬਾਇਓਟਿਕਸ ਲਗਾਏ ਜਾ ਸਕਦੇ ਹਨ। ਪਸ਼ੂਆਂ ਦੇ ਮੂੰਹ ਵਿਚ ਜਖਮ ਹੋਣ ਕਰਕੇ ਪਸ਼ੂਆਂ ਨੂੰ ਨਰਮ ਅਤੇ ਸੰਤੁਲਿਤ ਆਹਾਰ ਦੇਣਾ ਚਾਹੀਦਾ ਹੈ।

**ਬਿਮਾਰੀ ਤੋਂ ਬਚਾਓ** :


★ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ, ਚਾਰ ਮਹੀਨੇ ਤੋਂ ਪਹਿਲਾਂ, ਚਾਰ ਮਹੀਨੇ ਤੋਂ ਵੱਡੀ ਉਮਰ ਦੇ ਸਾਰੇ ਪਸ਼ੂਆਂ ਨੂੰ ਬਿਮਾਰੀ ਤੋਂ ਬਚਾਓ ਲਈ ਹਰ 6 ਮਹੀਨੇ ਵਿਚ (ਦਸੰਬਰ-ਜਨਵਰੀ ਅਤੇ ਜੂਨ-ਜੁਲਾਈ) ਮੂੰਹ ਖੁਰ ਦੇ ਟੀਕੇ ਜ਼ਰੂਰ ਲਗਾਉਣੇ ਚਾਹੀਦੇ ਹਨ ਅਤੇ ਪਹਿਲੇ ਟੀਕੇ ਲੱਗਣ ਤੋਂ 3 ਹਫਤੇ ਬਾਅਦ ਬੂਸਟਰ ਟੀਕਾ ਲਗਾਉਣਾ ਯਕੀਨੀ ਬਣਾਉਣਾ ਚਾਹੀਦਾ ਹੈ।

★ ਜਦੋਂ ਬਿਮਾਰੀ ਫੈਲੀ ਹੋਵੇ ਉਸ ਸਮੇਂ ਕੋਈ ਵੀ ਨਵਾਂ ਪਸ਼ੂ ਖਰੀਦਕੇ ਨਹੀਂ ਲਿਆਉਣਾ ਚਾਹੀਦਾ ਹੈ ਅਤੇ ਜਿਸ ਥਾਂ ਜਾਂ ਫਾਰਮ ਤੇ ਬਿਮਾਰੀ ਹੋਵੇ ਉਸ ਥਾਂ ਤੇ ਜਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਤਾਂ ਕਿ ਉਸ ਥਾਂ ਤੋਂ ਆਪਣੇ ਪਸ਼ੂਆਂ ਨੂੰ ਕੀਟਾਣੂ ਨਾ ਮਿਲ ਸਕਣ।

★ ਬਿਮਾਰੀ ਨੂੰ ਫੈਲਣ ਤੋਂ ਬਚਾਉਣ ਲਈ 4% ਸੋਡੀਅਮ ਕਾਰਬੋਨੇਟ (400 ਗ੍ਰਾਮ ਸੋਡੀਅਮ ਕਾਰਬੋਨੇਟ 10 ਲੀਟਰ ਪਾਣੀ ਵਿਚ) ਜਾਂ 2% ਸੋਡੀਅਮ ਹਾਈਡ੍ਰੋਕਸਾਈਡ ਨਾਲ ਦਿਨ ਵਿਚ ਦੋ ਵਾਰ ਫਾਰਮ ਨੂੰ ਧੋਣਾ ਚਾਹੀਦਾ ਹੈ ਅਤੇ ਇਸ ਨੂੰ 10 ਦਿਨ ਤੱਕ ਦੋਹਰਾਣਾ ਚਾਹੀਦਾ ਹੈ।

★ ਫਾਰਮ ਦੇ ਦਰਵਾਜ਼ੇ ਤੇ ਫੁੱਟਬਾਥ ਹੋਣਾ ਚਾਹੀਦਾ ਹੈ ਜਿਸ ਵਿਚ ਕੀਟਾਣੂ ਨਾਸ਼ਕ ਦਾ ਘੋਲ ਜਾਂ ਲਾਲ ਦਵਾਈ ਪਾਉਣੀ ਚਾਹੀਦੀ ਹੈ।

**ਕੰਵਰਪਾਲ ਸਿੰਘ ਢਿੱਲੋਂ, ਬਿਕਰਮਜੀਤ ਸਿੰਘ, ਗੁਰਅੰਸ਼ਪ੍ਰੀਤ ਸਿੰਘ ਸੇਠੀ,**
**ਕ੍ਰਿਸ਼ੀ ਵਿਗਿਆਨ ਕੇਂਦਰ, ਅੰਮ੍ਰਿਤਸਰ**
(ਮੋ. 99156-78787)






# ਰੁਜ਼ਗਾਰ ਨਾ ਮਿਲਿਆ ਤਾਂ ਗੁੜ ਕੱਢਣ ਲੱਗੇ ਨੌਜਵਾਨ

ਮਹਿੰਗਾਈ ਦੇ ਦੌਰ 'ਚ ਐਸ਼-ਆਰਾਮ ਦੀ ਜ਼ਿੰਦਗੀ ਜਿਉਣ ਲਈ ਜਿੱਥੇ ਪੰਜਾਬ ਦਾ ਬੇਰੁਜ਼ਗਾਰ ਨੌਜਵਾਨ ਵਰਗ ਵਿਦੇਸ਼ਾਂ ਕੂਚ ਕਰ ਰਿਹਾ ਹੈ, ਉੱਥੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਬਲਾਕ ਕਲਾਨੌਰ ਅਧੀਨ ਆਉਂਦੇ ਪਿੰਡ ਮਸਤਕੋਟ ਦੇ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਸਕੇ ਭਰਾ ਰਵਨੀਤ ਸਿੰਘ ਤੇ ਮਨਮੋਹਿਤ ਸਿੰਘ ਨੂੰ ਦੇਸ਼ ਤੇ ਵਿਦੇਸ਼ 'ਚ ਰੁਜ਼ਗਾਰ ਨਾ ਮਿਲਣ 'ਤੇ ਯੂ-ਟਿਊਬ ਦੇ ਸਹਾਰੇ ਵੱਖ-ਵੱਖ ਕਿਸਮਾਂ ਦਾ ਸ਼ੁੱਧ ਗੁੜ ਬਣਾ ਕੇ ਚੋਖੀ ਕਮਾਈ ਕਰ ਰਹੇ ਹਨ ।

ਇਨ੍ਹਾਂ ਸਕੇ ਭਰਾਵਾਂ ਨਾਲ ਵਿਸ਼ੇਸ਼ ਗੱਲਬਾਤ ਕੀਤੀ ਤਾਂ ਗ੍ਰੈਜੂਏਸ਼ਨ ਪਾਸ ਵੱਡੇ ਭਰਾ ਰਵਨੀਤ ਸਿੰਘ ਤੇ ਬੇਰਿੰਗ ਕ੍ਰਿਸ਼ਚੀਅਨ ਕਾਲਜ ਬਟਾਲਾ ਤੋਂ ਜੀ ਐੱਲ ਐੱਮ ਕਰ ਰਹੇ ਮਨਮੋਹਿਤ ਸਿੰਘ ਨੇ ਦੱਸਿਆ ਕਿ ਉਹਨਾਂ ਵੱਲੋਂ ਲੋਕਲ



ਪੱਧਰ 'ਤੇ ਛੋਟੀ ਮੋਟੀ ਸਰਕਾਰੀ ਜਾਂ ਪ੍ਰਾਈਵੇਟ ਨੌਕਰੀ ਲਈ ਵੱਡੀ ਜੱਦੋਜਹਿਦ ਕਰਨ ਦੇ ਬਾਵਜੂਦ ਵੀ ਨੌਕਰੀ ਨਸੀਬ ਨਾਲ ਹੋਣ 'ਤੇ ਉਨ੍ਹਾਂ ਦੇ ਪਿਤਾ ਰਣਜੋਧ ਸਿੰਘ ਵਲੋਂ ਦੋਵਾਂ ਭਰਾਵਾਂ ਨੂੰ ਜ਼ਮੀਨ ਵੇਚ ਕੇ ਤਿੰਨ ਵਾਰ ਕੈਨੇਡਾ ਅਤੇ ਇਕ ਵਾਰ ਆਸਟ੍ਰੇਲੀਆ ਵਿਚ ਪੜ੍ਹਾਈ ਅਤੇ ਰੁਜ਼ਗਾਰ ਲਈ ਲੱਖ ਰੁਪਏ ਖਰਚ ਕੀਤੇ ਗਏ, ਪ੍ਰੰਤੂ ਕਦੇ ਕੋਰੋਨਾ ਦੀ ਮਾਰ ਅਤੇ ਕਦੇ ਏਜੰਟਾਂ ਦੀ ਮਾਰ ਕਾਰਨ ਉਹਨਾਂ ਨੂੰ ਨਾ ਦੇਸ਼ ਤੇ ਨਾ ਵਿਦੇਸ਼ ਵਿਚ ਰੁਜ਼ਗਾਰ ਪ੍ਰਾਪਤ ਹੋ ਸਕਿਆ । ਆਖਰ ਉਹਨਾਂ ਵੱਲੋਂ ਹੁਣ ਹੱਥੀਂ ਮਿਹਨਤ ਕਰਨ ਦਾ ਪ੍ਰਣ ਲੈਂਦਿਆਂ ਗੰਨੇ ਦੀ ਪਿੜਾਈ ਕਰ ਕੇ ਸ਼ੁੱਧ ਗੁੜ ਕੱਢ ਕੇ ਵੇਚਣਾ ਸ਼ੁਰੂ ਕੀਤਾ ।

ਉਹਨਾਂ ਦੱਸਿਆ ਕਿ ਭਾਵੇਂ ਇਸ ਵਾਰ ਉਹਨਾਂ ਵੱਲੋਂ ਗੰਨੇ ਦੀ ਬਿਜਾਈ ਘੱਟ ਕਰਨ ਕਰਕੇ ਗੰਨਾ ਕਾਸ਼ਤਕਾਰਾਂ ਕੋਲੋ ਮੁੱਲ ਗੰਨਾ ਖਰੀਦਿਆ ਜਾ ਰਿਹਾ ਹੈ । ਇਸ ਵਾਰ ਗੰਨਾ 380 ਰੁਪਏ ਪ੍ਰਤੀ ਕੁਇੰਟਲ ਵਿਕ ਰਿਹਾ ਹੈ । ਉਹਨਾਂ ਵੱਖ-ਵੱਖ ਕਿਸਮਾਂ ਦਾ ਸ਼ੁੱਧ ਗੁੜ ਤਿਆਰ ਕਰ ਲਈ ਯੂ-ਟਿਊਬ ਦਾ ਸਹਾਰਾ ਲਿਆ । ਉਹਨਾਂ ਕਿਹਾ ਕਿ ਪ੍ਰਤੀ ਇਕ ਕੁਇੰਟਲ ਗੰਨੇ 'ਚੋਂ 65 ਲੀਟਰ ਦੇ ਕਰੀਬ ਰਸ ਨਿਕਲਦਾ ਹੈ ਅਤੇ ਜਿਸ ਵਿਚੋਂ 14 ਤੋਂ 15 ਕਿੱਲੋ ਵਧੀਆ ਗੁੜ ਆਸਾਨੀ ਨਾਲ ਤਿਆਰ ਹੋ ਜਾਂਦਾ ਹੈ । ਉਹਨਾਂ ਵੱਲੋਂ ਤਿਆਰ ਕੀਤਾ ਗਿਆ ਗੁੜ 80 ਰੁਪਏ ਕਿੱਲੋ ਅਤੇ ਗੰਨੇ ਦਾ ਰਸ 20 ਤੋਂ 25 ਰੁਪਏ ਗਲਾਸ ਹੱਥੋਂ-ਹੱਥੀਂ ਵਿਕ ਰਿਹਾ ਹੈ । ਉਨ੍ਹਾਂ ਦੱਸਿਆ ਕਿ ਜਿੱਥੇ ਪੰਜਾਬ ਦਾ ਨੌਜਵਾਨ ਵਰਗ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿਚ ਜਾ ਰਿਹਾ ਹੈ, ਉੱਥੇ ਨੌਜਵਾਨਾ ਨੂੰ ਆਪਣੇ ਗੁਰੂਆਂ ਪੀਰਾਂ ਤੇ ਮਾਂ ਭੂਮੀ ਪੰਜਾਬ ਦੀ ਧਰਤੀ 'ਤੇ ਹੀ ਹੱਡ ਭੰਨਵੀਂ ਮਿਹਨਤ ਕਰ ਕੇ ਪੈਸਾ ਕਮਾਉਣ ਦੇ ਨਾਲ-ਨਾਲ ਆਪਣੇ ਮਾਤਾ ਪਿਤਾ ਦੀ ਸੇਵਾ ਅਤੇ ਪੰਜਾਬ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ । ਉਹਨਾਂ ਦੱਸਿਆ ਕਿ ਪਹਿਲੀ ਵਾਰ ਗੁੜ ਤਿਆਰ ਕਰਨ ਸਮੇਂ ਉਹਨਾਂ ਨੂੰ ਬਾਲਣ ਅਤੇ ਗੰਨੇ ਦੀ ਦਿੱਕਤ ਆ ਰਹੀ ਹੈ ਕਿਉਂਕਿ ਪਿਛਲੇ ਦਿਨਾਂ ਤੋਂ ਪੈ ਰਹੀ ਕੜਾਕੇ ਦੀ ਠੰਢ ਕਾਰਨ ਅੱਗ ਲਈ ਵਰਤਿਆ ਜਾਣ ਵਾਲਾ ਗੰਨਿਦਾ ਚੂਰਾ ਘੱਟ ਸੁੱਕ ਰਿਹਾ ਹੈ । ਰਵਨੀਤ, ਮਨਮੋਹਿਤ ਤੇ ਉਨ੍ਹਾਂ ਦੇ ਪਿਤਾ ਰਣਜੋਧ ਸਿੰਘ ਨੇ ਦੱਸਿਆ ਕਿ ਸ਼ੁੱਧ ਗੁੜ ਦੀ ਡਿਮਾਂਡ ਜ਼ਿਆਦਾ ਹੋਣ ਕਾਰਨ ਉਹ ਪੂਰਾ ਗੁੜ ਤਿਆਰ ਨਹੀਂ ਕਰ ਪਾ ਰਹੇ । ਆਉਣ ਵਾਲੇ ਸਮੇਂ ਵਿਚ ਉਹ ਕਰੀਬ 10 ਏਕੜ ਗੰਨੇ ਦੀ ਬਿਜਾਈ ਕਰਨਗੇ । ਦੋਵਾਂ ਭਰਾਵਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆਂ ਕਰਵਾਉਣ ਦੇ ਨਾਲ-ਨਾਲ ਨੌਜਵਾਨਾਂ ਨੂੰ ਗੁੜ ਤਿਆਰ ਕਰਨ ਵਾਲੇ ਸੰਦ ਸਬਸਿਡੀ 'ਤੇ ਮੁਹੱਈਆ ਕਰਵਾਏ ਜਾਣ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਵਿਦੇਸ਼ ਜਾਣ ਤੋਂ ਰੋਕਿਆ ਜਾ ਸਕੇ ।



**ਬਹੁਤੇ ਪਸ਼ੂ-ਪਾਲਕਾਂ ਨੂੰ ਵੈਟਰਨਰੀ ਡਾਕਟਰ, ਵੈਟਰਨਰੀ ਇੰਸਪੈਕਟਰ ਜਾਂ ਮਸਨੂਈ ਗਰਭਦਾਨ ਦਾ ਟੀਕਾ ਲਗਾਉਣ ਵਾਲੇ ਕਾਮਿਆਂ ਵਿਚ ਫਰਕ ਬਾਰੇ ਬਿਲਕੁਲ ਨਹੀਂ ਪਤਾ। ਇਹ ਵੇਖਣ ਵਿੱਚ ਆਇਆ ਹੈ ਜਦੋਂ ਬਿਮਾਰ ਪਸ਼ੂਆਂ ਦਾ ਇਲਾਜ ਮਾਹਿਰ ਪਸ਼ੂ-ਚਕਿਤਸਕ ਪਾਸੋਂ ਨਹੀਂ ਕਰਵਾਇਆ ਜਾਂਦਾ ਤਾਂ ਲੱਗਭਗ ਸਾਰੇ ਹੀ ਕੇਸਾਂ ਵਿੱਚ ਐਂਟੀਬਾਇਓਟਿਕ ਦੇ ਟੀਕੇ ਲਗਾਏ ਜਾਂਦੇ ਹਨ ਅਤੇ ਉਹ ਵੀ ਜ਼ਿਆਦਾ ਮਾਤਰਾ ਵਿੱਚ। ਇਹਨਾਂ ਟੀਕਿਆਂ ਦੀ ਬਦੌਲਤ ਪਸ਼ੂਆਂ ਦੇ ਜਿਗਰ ਤੇ ਬੜਾ ਮਾੜਾ ਪ੍ਰਭਾਵ ਪੈਂਦਾ ਹੈ, ਜਿਸ ਨਾਲ ਉਹ ਪੱਠੇ ਖਾਣਾ ਬੰਦ ਕਰ ਸਕਦਾ ਹੈ। ਇਹਨਾਂ ਟੀਕਿਆਂ ਦਾ ਅਸਰ ਦੁੱਧ ਵਿੱਚ ਵੀ ਆਉਂਦਾ ਹੈ।**

### ਪਸ਼ੂ ਪਾਲਕ ਵੀਰੋ!

# ਆਪਣੇ ਪਸ਼ੂਆਂ ਨੂੰ ਅੰਨੇਵਾਹ ਐਂਟੀਬਾਇਓਟਿਕ ਦੇ ਟੀਕੇ ਨਾ ਲਗਵਾਓ

**ਰਾਕੇਸ਼ ਕੁਮਾਰ ਸ਼ਰਮਾ ਅਤੇ ਹਰੀਸ਼ ਕੁਮਾਰ ਵਰਮਾ, ਖੇਤਰੀ ਖੋਜ ਅਤੇ ਸਿਖਲਾਈ ਕੇਂਦਰ, ਤਲਵਾੜਾ**

ਉਂਝ ਤਾਂ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਪਸ਼ੂਆਂ ਨਾਲ ਸਬੰਧਤ ਕਿੱਤੇ ਵੀ ਕਾਫੀ ਪ੍ਰਚਲਤ ਹਨ। ਦੁੱਧ ਦੀ ਪੈਦਾਵਾਰ ਇੰਨੀ ਹੋ ਚੁੱਕੀ ਹੈ ਕਿ ਇੱਕ ਜੀਅ ਦੇ ਹਿੱਸੇ ਪ੍ਰਤਿ ਦਿਨ ਇਕ ਲਿਟਰ ਤੋਂ ਵੀ ਵੱਧ ਦੁੱਧ ਆਉਂਦਾ ਹੈ। ਐਨੀਆਂ ਵੱਡੀਆਂ ਮੱਲਾਂ ਮਾਰਨ ਦੇ ਬਾਵਜੂਦ ਸੂਬੇ ਵਿੱਚ ਕਈ ਊਣਤਾਈਆਂ ਵੀ ਹਨ। ਬਹੁਤੇ ਪਸ਼ੂ-ਪਾਲਕਾਂ ਨੂੰ ਵੈਟਰਨਰੀ ਡਾਕਟਰ, ਵੈਟਰਨਰੀ ਇੰਸਪੈਕਟਰ ਜਾਂ ਮਸਨੂਈ ਗਰਭਦਾਨ ਦਾ ਟੀਕਾ ਲਗਾਉਣ ਵਾਲੇ ਕਾਮਿਆਂ ਵਿਚ ਫਰਕ ਬਾਰੇ ਬਿਲਕੁਲ ਨਹੀਂ ਪਤਾ। ਇਹ ਵੇਖਣ ਵਿੱਚ ਆਇਆ ਹੈ ਜਦੋਂ ਬਿਮਾਰ ਪਸ਼ੂਆਂ ਦਾ ਇਲਾਜ ਮਾਹਿਰ ਪਸ਼ੂ-ਚਕਿਤਸਕ ਪਾਸੋਂ ਨਹੀਂ ਕਰਵਾਇਆ ਜਾਂਦਾ ਤਾਂ ਲੱਗਭਗ ਸਾਰੇ ਹੀ ਕੇਸਾਂ ਵਿੱਚ ਐਂਟੀਬਾਇਓਟਿਕ ਦੇ ਟੀਕੇ ਲਗਾਏ ਜਾਂਦੇ ਹਨ ਅਤੇ ਉਹ ਵੀ ਜ਼ਿਆਦਾ ਮਾਤਰਾ ਵਿੱਚ। ਇਹਨਾਂ ਟੀਕਿਆਂ ਦੀ ਬਦੌਲਤ ਪਸ਼ੂਆਂ ਦੇ ਜਿਗਰ ਤੇ ਬੜਾ ਮਾੜਾ ਪ੍ਰਭਾਵ ਪੈਂਦਾ ਹੈ, ਜਿਸ ਨਾਲ ਉਹ ਪੱਠੇ ਖਾਣਾ ਬੰਦ ਕਰ ਸਕਦਾ ਹੈ। ਇਹਨਾਂ ਟੀਕਿਆਂ ਦਾ ਅਸਰ ਦੁੱਧ ਵਿੱਚ ਵੀ ਆਉਂਦਾ ਹੈ। ਅਜਿਹਾ ਦੁੱਧ ਪੀਣ ਵਾਲੇ ਮਨੁੱਖਾਂ ਵਿੱਚ ਵੀ ਮਾੜਾ ਅਸਰ ਵੇਖਣ ਨੂੰ ਮਿਲਦਾ ਹੈ। ਪਸ਼ੂ-ਪਾਲਕ ਵੀਰੋ, ਬਹੁਤ ਸਾਰੀਆਂ ਬਿਮਾਰੀਆਂ ਅਜਿਹੀਆਂ ਹਨ ਜਿਹਨਾਂ ਵਿਚ ਕੋਈ ਵੀ ਐਂਟੀਬਾਇਓਟਿਕ ਦਾ ਟੀਕਾ ਨਹੀਂ ਲੱਗਦਾ, ਬਲਕਿ ਹੋਰ ਦਵਾਈਆਂ ਦੇਣ ਨਾਲ ਪਸ਼ੂ ਬਿਲਕੁਲ ਠੀਕ ਹੋ ਜਾਂਦਾ ਹੈ। ਇਸ ਲੇਖ ਵਿੱਚ ਅਸੀਂ ਅਜਿਹੀਆਂ ਹੀ ਕੁਝ ਬਿਮਾਰੀਆਂ ਦਾ ਜ਼ਿਕਰ ਕਰ ਰਹੇ ਹਾਂ ਜਿੱਥੇ ਐਂਟੀਬਾਇਓਟਿਕ ਦੇ ਟੀਕੇ ਲਗਵਾਉਣ ਨਾਲ ਜ਼ਿਆਦਾ ਨੁਕਸਾਨ ਹੋ ਸਕਦਾ ਹੈ।

1. **ਲਿਓਟੀ 'ਤੇ ਭਲਾਂ** : ਕਈਂ ਲਵੇਰੀਆਂ ਵਿੱਚ ਸੂਣ ਤੋਂ ਪਹਿਲਾਂ ਜਾਂ ਸੂਣ ਉਪਰੰਤ ਲੇਵੇ ਉੱਪਰ ਲਾਲੀ ਆ ਜਾਂਦੀ ਹੈ। ਲੇਵਾ ਕਾਫੀ ਵੱਡਾ ਅਤੇ ਨਰਮ ਹੋ ਜਾਂਦਾ ਹੈ। ਲੇਵੇ ਨੂੰ ਛੂਹਣ ਤੇ ਉਂਗਲੀਆਂ ਦੇ ਨਿਸ਼ਾਨ ਉਸ ਉੱਪਰ ਛੱਪ ਜਾਂਦੇ ਹਨ। ਦਰਅਸਲ ਅਜਿਹੀ ਸਥਿਤੀ ਵਿੱਚ ਲੇਵੇ ਅੰਦਰ ਖ਼ੂਨ ਵਿਚਲਾ ਤਰਲ ਪਦਾਰਥ ਜ਼ਿਆਦਾ ਮਾਤਰਾ ਵਿੱਚ ਜਮ੍ਹਾ ਹੋ ਜਾਂਦਾ ਹੈ। ਜਿਸ ਨਾਲ ਲੇਵੇ ਉੱਤੇ ਲਾਲੀ ਅਤੇ ਸੋਜ਼ ਆ ਜਾਂਦੀ ਹੈ। ਥਣ ਲਾਟੂ ਵਰਗੇ ਬਣ ਜਾਂਦੇ ਹਨ। ਇਸਨੂੰ ਲੇਵੇ ਦੀਆਂ ਭਲਾਂ ਕਹਿੰਦੇ ਹਾਂ। ਥੋੜੀਆਂ ਬਹੁਤ ਭਲਾਂ ਹਰੇਕ ਪਸ਼ੂ ਵਿੱਚ ਹੋ ਜਾਂਦੀਆਂ ਹਨ। ਪਰ ਪਹਿਲਣ ਝੋਟੀਆਂ/ਵਹਿੜਾਂ ਵਿੱਚ ਇਹਨਾਂ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ। ਇਹਨਾਂ ਵਿੱਚ ਇਸਦੀ ਤੀਬਰਤਾ ਵੀ ਜ਼ਿਆਦਾ ਹੁੰਦੀ ਹੈ। ਭਲਾਂ ਦੌਰਾਨ ਤਰਲ ਪਦਾਰਥ ਲੇਵੇ ਦੇ ਦੁੱਧ ਪੈਦਾ ਕਰਨ ਵਾਲੇ ਹਿੱਸੇ ਅਤੇ ਚਮੜੀ ਦੇ ਵਿਚਕਾਰ ਇਕੱਠਾ ਹੋ ਜਾਂਦਾ ਹੈ। ਆਮ ਹਾਲਤਾਂ ਵਿੱਚ ਚਮੜੀ ਦੀ ਮੋਟਾਈ 1/4 ਇੰਚ ਹੁੰਦੀ ਹੈ, ਪਰ ਭਲਾਂ ਦੌਰਾਨ ਇਹ ਦੋ ਇੰਚ ਤੱਕ ਮੋਟੀ ਹੋ ਜਾਂਦੀ ਹੈ। ਕਈ ਵਾਰੀ ਭਲਾਂ ਲੇਵੇ ਤੋਂ ਇਲਾਵਾ ਸਰੀਰ ਦੇ ਹੇਠਲੇ ਪਾਸੇ ਧੁੰਨੀ ਤੱਕ ਪਹੁੰਚ ਜਾਂਦੀਆਂ ਹਨ।

ਇਹਨਾਂ ਭਲਾਂ ਨੂੰ ਠੀਕ ਕਰਨ ਲਈ ਕਿਸੇ ਐਂਟੀਬਾਇਓਟਿਕ ਦੇ ਟੀਕੇ ਦੀ ਲੋੜ ਨਹੀਂ ਪੈਂਦੀ, ਬਲਕਿ ਕੁੱਝ ਹੋਰ ਟੀਕਿਆਂ ਨਾਲ ਇਸ ਮੁਸ਼ਕਲ ਨੂੰ ਆਸਾਨੀ ਨਾਲ ਠੀਕ ਕੀਤਾ ਜਾ ਸਕਦਾ ਹੈ। ਦੇਸੀ ਇਲਾਜ ਵਜੋਂ ਪੀਸੀਆਂ ਹੋਈਆਂ ਭੂਰੀਆਂ ਮਿਰਚਾਂ ਵੀ ਖੁਆਈਆਂ ਜਾ ਸਕਦੀਆਂ ਹਨ।


2. **ਥਣਾਂ ਵਿੱਚੋਂ ਗੁਲਾਬੀ ਰੰਗ ਦਾ ਦੁੱਧ ਆਉਣਾ** : ਕਈ ਵਾਰੀ ਤਾਜ਼ੇ ਸੂਏ ਪਸ਼ੂਆਂ ਵਿੱਚ ਗੁਲਾਬੀ ਦੁੱਧ ਆਉਣ ਲੱਗ ਜਾਂਦਾ ਹੈ। ਇਹ ਗੁਲਾਬੀ ਦੁੱਧ ਇਕ ਥਣ ਵਿੱਚੋਂ ਵੀ ਆ ਸਕਦਾ ਅਤੇ ਕਈ ਥਣਾਂ ਵਿੱਚੋਂ ਵੀ। ਕਈ ਵਾਰੀ ਚੁਆਈ ਕਰਨ ਦੇ ਸਮੇਂ ਪਤਾ ਨਹੀਂ ਲੱਗਦਾ ਕਿ ਦੁੱਧ ਦਾ ਰੰਗ ਸਹੀ ਹੈ ਜਾਂ ਗੁਲਾਬੀ ਪਰ ਬਾਲਟੀ ਵਿੱਚ ਪਿਆ ਦੁੱਧ ਕੁੱਝ ਸਮੇਂ ਬਾਅਦ ਗੁਲਾਬੀ ਹੋ ਜਾਂਦਾ ਹੈ। ਕਈਂ ਵਾਰੀ ਬਾਲਟੀ ਦੇ ਤਲੇ ਤੇ ਗੁਲਾਬੀ ਰੰਗ ਦਾ ਗਾੜ੍ਹਾ ਦੁੱਧ ਜੰਮਿਆ ਹੋਇਆ ਵਿਖਾਈ ਦਿੰਦਾ ਹੈ। ਕੁੱਝ ਪਸ਼ੂਆਂ ਵਿੱਚ ਲਾਲ ਰੰਗ ਦੇ ਛਿਛੜੇ ਵੀ ਨਜ਼ਰ ਆਉਂਦੇ ਹਨ। ਇਸ ਬਿਮਾਰੀ ਨੂੰ ਗਲੈਕਟੋਰਹੇਜੀਆ (Galactorrhagia) ਕਿਹਾ ਜਾਂਦਾ ਹੈ। ਇਹ ਬਿਮਾਰੀ ਲੇਵੇ 'ਤੇ ਕੋਈ ਸੱਟ ਲੱਗਣ ਕਾਰਣ ਹੋ ਸਕਦੀ ਹੈ। ਫਰਸ਼ ਉੱਬੜ-ਖਾਬੜ ਹੋਣ ਸਮੇਂ ਪਸ਼ੂ ਦੀ ਲਿਓਟੀ 'ਤੇ ਦਾਬ ਆਉਣ ਨਾਲ ਵੀ ਖੂਨ ਵਾਲੀਆਂ ਨਾੜੀਆਂ ਜ਼ਖਮੀ ਹੋ ਸਕਦੀਆਂ ਹਨ। ਪਸ਼ੂਆਂ ਦੀ ਖੁਰਾਕ ਵਿੱਚ ਮਾੜੀ ਕੁਆਲਿਟੀ ਦਾ ਕੈਲਸ਼ੀਅਮ ਵਰਤਣ ਸਮੇਂ ਵੀ ਇਹ ਸਮੱਸਿਆ ਆ ਸਕਦੀ ਹੈ। ਇਥੇ ਇੱਕ ਗੱਲ ਸੋਚਣ ਵਾਲੀ ਹੈ ਕਿ ਲਵੇਰੀ ਦੇ ਥਣਾਂ ਤੇ ਕਿਸੇ ਕਿਸਮ ਦੀ ਸੋਜ਼ ਨਹੀਂ ਆਉਂਦੀ ਅਤੇ ਥਣਾਂ ਵਿੱਚੋਂ ਦੁੱਧ ਵੀ ਪੂਰੀ ਮਾਤਰਾ ਵਿੱਚ ਨਿਕਲਦਾ ਹੈ, ਬਸ ਸਿਰਫ ਉਸਦਾ ਰੰਗ ਗੁਲਾਬੀ ਹੁੰਦਾ ਹੈ।

ਇਸ ਬਿਮਾਰੀ ਵਿੱਚ ਵੀ ਕੋਈ ਐਂਟੀਬਾਇਓਟਿਕ ਦਾ ਟੀਕਾ ਲਗਾਉਣ ਦੀ ਲੋੜ ਨਹੀਂ ਪੈਂਦੀ। ਇਸ ਬਿਮਾਰੀ ਨੂੰ ਦੋ ਅਲੱਗ ਅਲੱਗ ਕਿਸਮ ਦੇ ਪਾਊਡਰ ਖੁਆਉਣ ਨਾਲ ਹੀ ਠੀਕ ਕੀਤਾ ਜਾ ਸਕਦਾ ਹੈ।

3. **ਲੇਵੇ ਦੀ ਗੁੱਝੀ ਸੋਜ਼** : ਕਈਂ ਵਾਰੀ ਲਵੇਰੀ ਦੇ ਇੱਕ ਜਾਂ ਦੋ ਥਣਾਂ ਵਿੱਚੋਂ ਦੁੱਧ ਘੱਟ ਜਾਂਦਾ ਹੈ। ਦੁੱਧ ਵਿੱਚ ਕੋਈ ਸਪੱਸ਼ਟ ਛਿੱਦੀ ਨਹੀਂ ਆਉਂਦੀ। ਇਸਨੂੰ ਲੇਵੇ ਦੀ ਗੁੱਝੀ ਸੋਜ਼ ਕਿਹਾ ਜਾਂਦਾ ਹੈ। ਇਸ ਬਿਮਾਰੀ ਵਿੱਚ ਵੀ ਐਂਟੀਬਾਇਓਟਿਕ ਦਾ ਟੀਕਾ ਲਗਵਾਉਣ ਨਾਲ ਕੋਈ ਜ਼ਿਆਦਾ ਫਾਇਦਾ ਨਹੀਂ ਹੁੰਦਾ।

4. **ਪਸ਼ੂਆਂ ਦਾ ਸਰੀਰਕ ਤਾਪਮਾਨ ਵੱਧਣਾ** : ਲੱਗਭਗ ਸਾਰੇ ਹੀ ਪ੍ਰਾਣੀਆਂ ਵਿੱਚ ਸਰੀਰਕ ਗਤੀਵਿਧੀਆਂ ਥਾਇਰਾਈਡ ਨਾਂ ਦੀਆਂ ਗ੍ਰੰਥੀਆਂ ਵਿੱਚੋਂ ਬਣੇ ਕੁੱਝ ਰਸਾਇਣਾਂ ਦੁਆਰਾ ਸੰਚਾਲਤ ਕੀਤੀਆਂ ਜਾਂਦੀਆਂ ਹਨ। ਥਣਧਾਰੀ ਜੀਵਾਂ ਦਾ ਸਰੀਰਕ ਤਾਪਮਾਨ ਸਥਿਰ ਹੁੰਦਾ ਹੈ। ਤੰਦਰੁਸਤ ਮੱਝਾਂ/ਗਾਂਵਾਂ ਦਾ ਸਰੀਰਕ ਤਾਪਮਾਨ $101^0$ F ਹੁੰਦਾ ਹੈ। ਇਹ ਤਾਪਮਾਨ ਪਸ਼ੂਆਂ ਨੂੰ ਪੱਠੇ ਖੁਆਉਣ ਤੋਂ ਪਹਿਲਾ ਸਵੇਰੇ 5.30 ਵਜੇ ਵੇਖਣਾ ਹੁੰਦਾ ਹੈ। ਪਸ਼ੂਆਂ ਦੀ ਖੁਰਾਕ ਵਿੱਚ ਆਇਓਡੀਨ ਦੀ ਕਮੀਂ ਹੋਣ ਸਦਕਾ ਉਹਨਾਂ ਦੇ ਸਰੀਰ ਵਿੱਚ ਥਾਇਰਾਇਡ ਰਸ ਗ੍ਰੰਥੀ ਤੋਂ ਰਸਾਇਣ ਪੂਰੀ ਮਾਤਰਾ ਵਿੱਚ ਨਹੀਂ ਬਣਦੇ, ਸਿੱਟੇ ਵਜੋਂ ਉਹ ਪਸ਼ੂ ਆਪਣੇ ਸਰੀਰ ਦਾ ਤਾਪਮਾਨ ਸਥਿਰ ਨਹੀਂ ਰੱਖ ਸਕਦੇ।

ਦੋਗਲੀਆਂ ਅਤੇ ਵਲੈਤੀ ਗਾਂਵਾਂ ਦਾ ਗਰਮੀਆਂ ਦੇ ਮੌਸਮ ਵਿੱਚ ਤਾਪਮਾਨ 104 ਜਾਂ $105^0$ F ਤੱਕ ਪਹੁੰਚ ਜਾਂਦਾ ਹੈ ਪ੍ਰੰਤੂ ਉਹ ਪਸ਼ੂ ਪੱਠੇ ਖਾਣਾ ਬੰਦ ਨਹੀਂ ਕਰਦਾ। ਇਹ ਬੁਖਾਰ ਨਹੀਂ ਹੁੰਦਾ ਬਲਕਿ ਸਰੀਰਕ ਤਾਪਮਾਨ ਦਾ ਵੱਧਣਾ (Hyperthermia) ਹੁੰਦਾ ਹੈ। ਇਸ ਵਿੱਚ ਵੀ ਐਂਟੀਬਾਇਓਟਿਕ ਦਾ ਟੀਕਾ ਨਹੀਂ ਲਗਾਉਣਾ ਹੁੰਦਾ, ਬਲਕਿ ਐਂਟੀਬਾਇਓਟਿਕ ਦਾ ਟੀਕਾ ਲਗਵਾਉਣ ਨਾਲ ਉਲਟਾ ਨੁਕਸਾਨ ਹੁੰਦਾ ਹੈ। ਪਸ਼ੂ ਪੱਠੇ ਖਾਣਾ ਘਟਾ ਦਿੰਦਾ ਹੈ।



5. **ਕਟੜੂਆਂ/ਵਛੜੂਆਂ ਦਾ ਸਰੀਰਕ ਤਾਪਮਾਨ ਘੱਟਣਾ** : ਸਰਦੀਆਂ ਦੇ ਦਿਨਾਂ ਵਿਚ ਕਟੜੂਆਂ / ਵਛੜੂਆਂ ਦਾ ਸਰੀਰਕ ਤਾਪਮਾਨ ਅਕਸਰ ਘੱਟ ਜਾਂਦਾ ਹੈ। ਇਹ ਆਇਓਡੀਨ ਅਤੇ ਪਾਣੀ ਦੀ ਕਮੀਂ ਕਾਰਣ ਹੋ ਸਕਦਾ ਹੈ। ਜਿਹੜੇ ਕਟੜੂਆਂ / ਵਛੜੂਆਂ ਨੂੰ ਸਿਰਫ ਦੁੱਧ ਹੀ ਪਿਲਾਇਆ ਜਾਂਦਾ ਹੈ ਅਤੇ ਪੀਣ ਲਈ ਪਾਣੀ ਨਹੀਂ ਦਿੱਤਾ ਜਾਂਦਾ, ਉਹਨਾਂ ਵਿੱਚ ਸਰੀਰਕ ਪਾਣੀ ਦੀ ਕਮੀਂ ਕਾਰਣ ਤਾਪਮਾਨ ਘੱਟ ਸਕਦਾ ਹੈ। ਸਰੀਰਕ ਪਾਣੀ ਘੱਟਣ ਵੇਲੇ ਬੜੀ ਵਾਰੀ ਕਟੜੂ / ਵਛੜੂ ਆਪਣੇ ਆਪ ਖਲੋ ਵੀ ਨਹੀਂ ਸਕਦੇ, ਉਹਨਾਂ ਨੂੰ ਸਹਾਰਾ ਦੇ ਕੇ ਚੁਕਣਾ ਪੈਂਦਾ ਹੈ। ਇੱਥੇ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਕਟੜੂ/ਵਛੜੂ ਰੋਹਾ ਸਹੀ ਤਰੀਕੇ ਨਾਲ ਕਰਦਾ ਹੈ। ਅਜਿਹੀ ਸਥਿਤੀ ਵਿੱਚ ਜਿੱਥੇ ਕਟੜੂਆਂ / ਵਛੜੂਆਂ ਦਾ ਸਰੀਰਕ ਤਾਪਮਾਨ ਆਇਓਡੀਨ ਅਤੇ ਪਾਣੀ ਦੀ ਕਮੀਂ ਕਾਰਣ ਘੱਟ ਹੋ ਜਾਂਦਾ ਹੈ, ਉੱਥੇ ਐਂਟੀਬਾਇਓਟਿਕ ਦਾ ਟੀਕਾ ਲਗਵਾਉਣ ਨਾਲ ਨੁਕਸਾਨ ਹੋ ਸਕਦਾ ਹੈ।

6. **ਥਣਾਂ ਦੀ ਜੜ੍ਹ ਵਿਚ ਜ਼ਖਮ** : ਬੜੀ ਵਾਰੀ ਲਵੇਰੀਆਂ ਦੇ ਥਣਾਂ ਦੀ ਜੜ੍ਹ ਵਿੱਚ ਜ਼ਖਮ ਹੋ ਜਾਂਦਾ ਹੈ। ਥਣਾਂ ਨੂੰ ਚੁਆਈ ਵੇਲੇ ਖਿਚਣ ਸਦਕਾ ਜਾਂ ਐਂਟੀਬਾਇਓਟਿਕ ਦਾ ਟੀਕਾ ਲਗਵਾਉਣ ਸਮੇਂ ਇਹ ਜ਼ਖਮ ਜਲਦੀ ਠੀਕ ਨਹੀਂ ਹੁੰਦੇ। ਕਈ ਵਾਰੀ ਤਾਂ ਜ਼ਖਮ ਠੀਕ ਹੋਣ ਲਈ ਕਈ ਮਹੀਨੇ ਲੱਗ ਜਾਂਦੇ ਹਨ। ਦਰਅਸਲ ਇਹ ਜ਼ਖਮ ਕਿਸੇ ਲਾਗ (ਇੰਨਫੈਕਸ਼ਨ) ਕਾਰਣ ਨਹੀਂ ਹੁੰਦੇ ਬਲਕਿ ਖੁਰਾਕ ਵਿੱਚ ਕਿਸੇ ਤੱਤ ਦੀ ਕਮੀਂ (ਲੋਹਾ, ਜ਼ਿੰਕ, ਵਿਟਾਮਿਨ ਸੀ ਆਦਿ) ਜਾਂ ਜਹਿਰਵੇ (ਸਲੀਨੀਅਮ ਦਾ ਜਹਿਰਵਾ) ਕਾਰਣ ਹੋ ਸਕਦੇ ਹਨ। ਥਣਾਂ ਉੱਤੇ ਕਦੇ ਵੀ ਬੀਟਾਡੀਨ ਇਕੱਲੀ ਨਹੀਂ ਲਗਾਉਣੀ ਹੁੰਦੀ। ਇਸ ਵਿੱਚ 30 ਫੀਸਦੀ ਗਲਿਸਰੀਨ ਮਿਲਾਉਣੀ ਜ਼ਰੂਰੀ ਹੁੰਦੀ ਹੈ। ਇਕੱਲੀ ਬੀਟਾਡੀਨ ਚਮੜੀ ਨੂੰ ਖੁਸ਼ਕ ਕਰ ਦਿੰਦੀ ਹੈ। ਇਸ ਨਾਲ ਵੀ ਥਣਾਂ ਉੱਪਰ ਜ਼ਖਮ ਹੋ ਸਕਦੇ ਹਨ। ਕਿਉਂਕਿ ਇਹ ਜ਼ਖਮ ਕਿਸੇ ਕਿਸਮ ਦੀ ਛੂਤ ਨਾਲ ਨਹੀਂ ਹੁੰਦੇ, ਇਸ ਲਈ ਐਂਟੀਬਾਇਓਟਿਕ ਦਾ ਟੀਕਾ ਲਗਵਾਉਣ ਨਾਲ ਵੀ ਇਥੇ ਕੋਈ ਬਹੁਤਾ ਫਾਇਦਾ ਨਹੀਂ ਹੋਵੇਗਾ।

7. **ਸੂਤਕੀ ਬੁਖਾਰ** : ਤੀਸਰੀ ਵਾਰ ਸੂਣ ਵਾਲੀਆਂ ਲਵੇਰੀਆਂ 'ਚ ਬੜੀ ਵਾਰ ਕੈਲਸ਼ੀਅਮ ਦੀ ਕਮੀਂ ਆ ਜਾਂਦੀ ਹੈ। ਸੂਣ ਉਪਰੰਤ ਜਦੋਂ ਪਸ਼ੂ ਦੁੱਧ ਦੇਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਸਦੇ ਦੁੱਧ ਵਿੱਚ ਕਾਫੀ ਮਾਤਰਾ ਵਿੱਚ ਕੈਲਸ਼ੀਅਮ ਨਿਕਲ ਜਾਂਦਾ ਹੈ। ਖੁਰਾਕ ਰਾਹੀਂ ਓਨੇ ਕੈਲਸ਼ੀਅਮ ਦੀ ਪੂਰਤੀ ਨਾ ਹੋਣ ਸਮੇਂ ਲਵੇਰੀ ਦੇ ਖ਼ੂਨ ਵਿੱਚ ਕੈਲਸ਼ੀਅਮ ਦੀ ਕਮੀਂ ਆ ਜਾਂਦੀ ਹੈ। ਇਸ ਕਮੀਂ ਕਾਰਣ ਉਹ ਪਸ਼ੂ ਬੈਠ ਜਾਂਦਾ ਹੈ। ਉਸ ਕੋਲੋਂ ਉਠਿਆ ਨਹੀਂ ਜਾਂਦਾ, ਪਰ ਉਹ ਪੱਠੇ ਖਾਈ ਜਾਂਦਾ ਹੈ। ਇਸ ਵੇਲੇ ਵੀ ਐਂਟੀਬਾਇਓਟਿਕ ਦੇ ਟੀਕੇ ਨਹੀਂ ਲਗਵਾਉਣੇ ਚਾਹੀਦੇ।

8. **ਸੂਣ ਉਪਰੰਤ ਲਹੂ-ਮੂਤਣਾ** : ਕੁਝ ਕੁ ਲਵੇਰੀਆਂ ਵਿੱਚ ਸੂਣ ਉਪਰੰਤ ਫਾਸਫੋਰਸ ਦੀ ਕਮੀਂ ਆ ਜਾਂਦੀ ਹੈ। ਇਸ ਕਮੀਂ ਸਦਕਾ ਖ਼ੂਨ ਵਿਚਲੇ ਲਾਲ ਰਕਤਾਣੂ ਕਮਜ਼ੋਰ ਪੈ ਜਾਂਦੇ ਹਨ ਅਤੇ ਉਹਨ੍ਹਾਂ ਵਿਚਲੀ ਲਾਲ ਰੰਗ ਦੀ ਹੀਮੋਗਲੋਬਿਨ ਤਰਲ ਪਦਾਰਥ ਨਾਲ ਰਲ ਜਾਂਦੀ ਹੈ। ਜਦੋਂ ਇਹ ਗੁਰਦਿਆਂ ਵਿੱਚ ਜਾਂਦੀ ਹੈ ਤਾਂ ਇਹੀ ਹੀਮੋਗਲੋਬਿਨ ਪਿਸ਼ਾਬ ਨਾਲ ਰਲ ਜਾਂਦੀ ਹੈ ਅਤੇ ਪਿਸ਼ਾਬ ਦਾ ਰੰਗ ਲਾਲ ਹੋ ਜਾਂਦਾ ਹੈ। ਇਸ ਬਿਮਾਰੀ ਵਿੱਚ ਪਸ਼ੂ ਕੁਝ ਦਿਨਾਂ ਲਈ ਪੱਠੇ ਪੂਰੀ ਮਾਤਰਾ ਵਿੱਚ ਖਾਂਦਾ ਰਹਿੰਦਾ ਹੈ ਅਤੇ ਪਸ਼ੂ ਦਾ ਸਰੀਰਕ ਤਾਪਮਾਨ ਦੀ ਸਹੀ ਰਹਿੰਦਾ ਹੈ। ਕਿਉਂਕਿ ਬਿਮਾਰੀ ਫਾਸਫੋਰਸ ਦੀ ਘਾਟ ਕਾਰਣ ਹੁੰਦੀ ਹੈ, ਇਸ ਵਿੱਚ ਵੀ ਐਂਟੀਬਾਇਓਟਿਕ ਦੇ ਟੀਕੇ ਲਗਵਾਉਣਾ ਕੋਈ ਅਕਲਮੰਦੀ ਵਾਲੀ ਗੱਲ ਨਹੀਂ ਹੈ।

9. **ਦੇਗਨਾਲ ਬਿਮਾਰੀ** : ਸਲੀਨੀਅਮ ਯੁਕਤ ਪਰਾਲੀ, ਗੰਨੇ ਦੇ ਆਗ, ਉੱਲ੍ਹੀ ਲੱਗੀ ਤੂੜੀ/ਪਰਾਲੀ ਖੁਆਉਣ ਨਾਲ ਕਈ ਵਾਰੀ ਪਸ਼ੂਆਂ ਦੇ ਕੰਨ ਜਾਂ ਪੂੰਛ ਸੁੱਕ ਜਾਂਦੇ ਹਨ। ਖੁਰਾਂ 'ਤੇ ਤਰੇੜਾਂ ਆ ਜਾਂਦੀਆਂ ਹਨ। ਜਿੱਥੇ ਖੁਰ, ਮਾਸ ਨਾਲ ਜੁੜਦਾ ਹੈ, ਉਹ ਹਿੱਸਾ ਨਰਮ ਪੈ ਜਾਂਦਾ ਹੈ। ਇਹ ਸਭ ਦੇਗਨਾਲਾ ਬਿਮਾਰੀ ਦੀਆਂ ਨਿਸ਼ਾਨੀਆਂ ਹਨ। ਇਸ ਵਿੱਚ ਐਂਟੀਬਾਇਓਟਿਕ ਦੇ ਟੀਕੇ ਨਹੀਂ ਲਗਵਾਉਣੇ ਚਾਹੀਦੇ।

10. ਜਦੋਂ ਵੱਗ ਵਿੱਚ ਕੋਈ ਪਸ਼ੂ ਕਿਸੇ ਛੂਤ ਦਾ ਸ਼ਿਕਾਰ ਹੋ ਜਾਂਦਾ ਹੈ ਤਾਂ ਉਸ ਪਸ਼ੂ ਵਿੱਚ ਐਂਟੀਬਾਇਓਟਿਕ ਦਾ ਟੀਕਾ ਲਗਾਉਣਾ ਤਾਂ ਜ਼ਰੂਰੀ ਹੁੰਦਾ ਹੈ। ਪ੍ਰੰਤੂ ਵੱਗ ਦੇ ਦੂਸਰੇ ਪਸ਼ੂਆਂ ਵਿੱਚ, ਜਿਹੜੇ ਅਜੇ ਤੰਦਰੁਸਤ ਹਨ, ਉਹਨਾਂ ਵਿੱਚ ਆਮ ਕਰਕੇ ਐਂਟੀਬਾਇਓਟਿਕ ਦੇ ਟੀਕੇ ਲਗਵਾਉਣ ਨਾਲ ਕੋਈ ਬਹੁਤਾ ਫਾਇਦਾ ਨਹੀਂ ਹੋਵੇਗਾ।

11. ਵੱਗ ਵਿੱਚ ਵਿਸ਼ਾਂਣੂੰ ਰੋਗਾਂ ਦੀ ਮਹਾਂਮਾਰੀ ਵੇਲੇ (ਖਾਸ ਕਰਕੇ ਮੂੰਹ-ਖੁਰ ਵੇਲੇ) ਵੀ ਬਹੁਤ ਵਾਰੀ ਐਂਟੀਬਾਇਓਟਿਕ ਦੇ ਟੀਕੇ ਅੰਨ੍ਹੇ-ਵਾਹ ਲਗਵਾਏ ਜਾਂਦੇ ਹਨ। ਦਰਅਸਲ ਪਸ਼ੂਆਂ ਵਿੱਚ ਵਿਸ਼ਾਣੂੰਆਂ ਨੂੰ ਮਾਰਨ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਦਾ ਇਸਤੇਮਾਲ ਅੱਜ ਦੀ ਤਾਰੀਖ ਵਿੱਚ ਬਹੁਤ ਹੀ ਘੱਟ ਹੈ, ਬਲਕਿ ਨਾ ਦੇ ਬਰਾਬਰ ਹੈ। ਇਹਨਾਂ ਕੇਸਾਂ ਵਿੱਚ ਐਂਟੀਬਾਇਓਟਿਕ ਸਿਰਫ ਕੀਟਾਂਣੂਆਂ ਦੇ ਹਮਲੇ ਨੂੰ ਰੋਕਣ ਲਈ ਹੀ ਲਗਾਈਆਂ ਜਾਂਦੀਆਂ ਹਨ। ਇਸ ਸਮੇਂ ਹਲਕੀ ਤੋਂ ਹਲਕੀ ਐਂਟੀਬਾਇਓਟਿਕ (ਪਹਿਲੀ ਪੀੜੀ ਵਾਲੀ ਐਂਟੀਬਾਇਓਟਿਕ) ਲਗਵਾਉਣ ਨਾਲ ਪਸ਼ੂ ਜਲਦੀ ਠੀਕ ਹੋ ਸਕਦੇ ਹਨ। ਇਸ ਨਾਲ ਖਰਚਾ ਵੀ ਬਹੁਤ ਘੱਟ ਹੁੰਦਾ ਹੈ।

12. ਪਸ਼ੂਆਂ ਵਿਚ ਬਿਮਾਰੀਆਂ ਫੈਲਾਉਣ ਵਾਲੇ ਕਿਟਾਂਣੂ ਆਮ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਗ੍ਰਾਮ (+) ਅਤੇ ਦੂਸਰੇ ਗ੍ਰਾਮ (-)। ਦਰਅਸਲ ਇਹ ਫਰਕ ਡੈਨਮਾਰਕ ਦੇ ਇਕ ਸਾਇੰਸਦਾਨ, ਹਾਂਸ ਕ੍ਰਿਸਟੀਅਨ ਗ੍ਰਾਮ ਨੇ ਕਿਟਾਂਣੂਆਂ ਨੂੰ ਦੋ ਵੱਖ ਵੱਖ ਕਿਸਮ ਦੇ ਰੰਗਾਂ ਵਿੱਚ ਪਾ ਕੇ ਉਨ੍ਹਾਂ ਦੁਆਰਾ ਲਏ ਗਏ ਰੰਗ ਨਾਲ ਕੀਤਾ। ਇਹਨਾਂ ਦੋ ਕਿਸਮ ਦੇ ਕਿਟਾਂਣੂਆਂ ਨੂੰ ਮਾਰਨ ਵਾਲੇ ਐਂਟੀਬਾਇਓਟਿਕ ਦੇ ਟੀਕੇ ਵੀ ਵੱਖੋ ਵੱਖਰੇ ਹੁੰਦੇ ਹਨ। ਇਹਨਾਂ ਟੀਕਿਆਂ ਦੀ ਗਲਤ ਚੋਣ ਕਰਨ ਨਾਲ ਵੀ ਪਸ਼ੂ ਦਾ ਨੁਕਸਾਨ ਹੋ ਸਕਦਾ ਹੈ।

ਇਸ ਤਰ੍ਹਾਂ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਬਹੁਤ ਸਾਰੀਆਂ ਬਿਮਾਰੀਆਂ ਵਿੱਚ ਐਂਟੀਬਾਇਓਟਿਕ ਦੇ ਟੀਕਿਆਂ ਦੀ ਜ਼ਰੂਰਤ ਹੀ ਨਹੀਂ ਪੈਂਦੀ, ਕੁਝ ਕੁ ਬਿਮਾਰੀਆਂ ਵਿੱਚ ਸਹੀ ਟੀਕਿਆਂ ਦੀ ਚੋਣ ਕਰਨੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਇਸ ਲਈ ਪਸ਼ੂ-ਪਾਲਕ ਵੀਰੋ, ਐਂਟੀਬਾਇਓਟਿਕ ਦੇ ਟੀਕੇ ਅੰਨ੍ਹੇਵਾਹ ਨਾ ਲਗਾਵਓ ਅਤੇ ਆਪਣੇ ਪਸ਼ੂਆਂ ਦੀ ਅਤੇ ਆਪਣੀ ਸਿਹਤ ਬਰਕਰਾਰ ਰੱਖੋ।

# ਜ਼ਮੀਨ ਹੇਠਲੇ ਪਾਣੀ 'ਚ ਆਰਸੈਨਿਕ ਦੀ ਮਾਤਰਾ ਵਧੀ

ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦੋ ਤੋਂ ਤਿੰਨ ਦਹਾਕਿਆਂ ਤੋਂ ਹੇਠਾਂ ਜਾ ਰਿਹਾ ਹੈ। ਇਸ 'ਤੇ ਪਹਿਲਾਂ ਵੀ ਕਈ ਰਿਪੋਰਟਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਹ ਤੱਥ ਪੰਜਾਬ ਲਈ ਨਵੇਂ ਨਹੀਂ ਹਨ ਪਰ ਪੰਜਾਬ ਦੀ ਚਿੰਤਾ ਇਸ ਲਈ ਵੀ ਵਧ ਰਹੀ ਹਥੈ ਕਿ ਪੰਜਾਬ ਦੇ ਪੰਜ ਅਜਿਹੇ ਬਲਾਕਾਂ ਦੀ ਪਛਾਣ ਕੀਤੀ ਗਈ ਹੈ ਜਿੱਥੇ ਆਰਸੈਨਿਕ ਦੀ ਮਾਤਰਾ ਵੱਧ ਪਾਈ ਜਾ ਰਹੀ ਹੈ। ਆਰਸੈਨਿਕ ਦਾ ਖਤਰਾ ਇਸ ਲਈ ਵੀ ਜ਼ਿਆਦਾ ਹੈ ਕਿਉਂਕਿ ਪੰਜਾਬ ਵਿਚ ਪਹਿਲਾਂ ਹੀ ਮਾਲਵਾ ਖੇਤਰ ਵਿਚ ਕੈਂਸਰ ਦਾ ਕਹਿਰ ਵਧ ਰਿਹਾ ਹੈ ਤੇ ਆਰਸੈਨਿਕ ਨਾਲ ਦੂਸ਼ਿਤ ਪਾਣੀ ਪੀਣ ਕਾਰਨ ਚਮੜੀ ਦਾ ਕੈਂਸਰ ਤੇ ਹੋਰ ਅੰਦਰੂਨੀ ਅੰਗਾਂ ਤੇ ਫੇਫੜੇ, ਪੇਟ ਤੇ ਗੁਰਦਿਆਂ ਦਾ ਕੈਂਸਰ ਹੋ ਸਕਦਾ ਹੈ।

ਕੇਂਦਰੀ ਭੂਜਲ ਬੋਰਡ ਨੇ ਸਾਲ 2022-23 ਦੀ ਜਿਹੜੀ ਰਿਪੋਰਟ ਜਾਰੀ ਕੀਤੀ ਹੈ, ਉਸ ਵਿਚ ਦੇਸ਼ ਭਰ ਵਿਚ ਹੇਠਾਂ ਜਾ ਰਹੇ ਪਾਣੀ ਦੇ ਪੱਧਰ 'ਤੇ ਚਿੰਤਾ ਜਤਾਈ ਗਈ ਹੈ, ਨਾਲ ਹੀ ਵੱਖ-ਵੱਖ ਥਾਵਾਂ ਦੀ ਸੈਂਪਲਿੰਗ ਕਰ ਕੇ ਇਹ ਵੀ ਪਤਾ ਲਾਇਆ ਹੈ ਕਿ ਕਿੰਨੇ ਬਲਾਕਾਂ ਵਿਚ ਭੂਜਲ ਪੀਣ ਲਾਇਕ ਵੀ ਨਹੀਂ ਰਹਿ ਗਿਆ ਹੈ ਜਾਂ ਇਹ ਦੂਸ਼ਿਤ ਪਾਣੀ ਨਾਲ ਬਿਮਾਰੀਆਂ ਦਾ ਖਤਰਾ ਵੱਧ ਸਕਦਾ ਹੈ। ਪੰਜਾਬ ਦੇ ਜਿਨ੍ਹਾਂ ਪੰਜ ਬਲਾਕਾਂ ਦੇ ਪਾਣੀ ਵਿਚ ਆਰਸੈਨਿਕ ਦੀ ਮੌਜੂਦਗੀ ਪਾਈ ਗਈ ਹੈ, ਉਨ੍ਹਾਂ ਵਿਚ ਅੰਮ੍ਰਿਤਸਰ ਦੇ ਅਜਨਾਲਾ, ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ, ਹੁਸ਼ਿਆਰਪੁਰ ਦਾ ਮੁਕੇਰੀਆਂ, ਰੋਪੜ ਬਲਾਕ ਰੋਪੜ ਤੇ ਤਰਨਤਾਰਨ ਜ਼ਿਲ੍ਹੇ ਦਾ ਬਲਾਕ ਭਿੱਖੀਵਿੰਡ ਸ਼ਾਮਲ ਹਨ। ਇਸ ਤੋਂ ਇਲਾਵਾ ਪੰਜ ਬਲਾਕ ਅਜਿਹੇ ਵੀ ਹਨ



ਜਿਥੇ ਫਲੋਰਾਈਡ ਦੀ ਮਾਤਰਾ ਵੱਧ ਹੈ। ਪਾਣੀ ਵਿਚ ਫਲੋਰਾਈਡ ਦੀ ਵੱਧ ਮਾਤਰਾ ਫਲੋਰੋਸਿਸ ਨੂੰ ਜਨਮ ਦਿੰਦੀ ਹੈ। ਇਸ ਦਾ ਅਸਰ ਦੰਦਾਂ ਤੇ ਹੱਡੀਆਂ 'ਤੇ ਪੈਂਦਾ ਹੈ। ਅੱਠ ਸਾਲ ਦੀ ਉਮਰ ਦੇ ਬਾਅਦ ਬੱਚਿਆਂ ਦੇ ਦੰਦਾਂ 'ਤੇ ਇਸ ਦਾ ਪ੍ਰਭਾਵ ਸਾਫ ਦਿਖਾਈ ਦੇਣ ਲੱਗਦਾ ਹੈ। ਦੰਦ ਪੀਲੇ ਹੋਣ ਲੱਗਦੇ ਹਨ। ਪੰਜਾਬ ਦੇ ਜਿਨ੍ਹਾਂ ਬਲਾਕਾਂ ਦੇ ਭੂਜਲ ਵਿਚ ਫਲੋਰਾਈਡ ਦੀ ਮਾਤਰਾ ਜ਼ਿਆਦਾ ਹੈ, ਉਨ੍ਹਾਂ ਵਿਚ ਬਠਿੰਡਾ ਦਾ ਨਥਾਣਾ, ਮਾਨਸਾ ਦਾ ਭੀਖੀ, ਮੋਗਾ ਦਾ ਮੋਗਾ-2, ਸੰਗਰੂਰ ਦਾ ਲਹਿਰਾਗਾਗਾ, ਤਰਨਤਾਰਨ ਦਾ ਪੱਟੀ ਸ਼ਾਮਿਲ ਹਨ। ਇਹੀ ਨਹੀਂ, ਰਿਪੋਰਟ ਵਿਚ ਉਨ੍ਹਾਂ ਚਾਰ ਬਲਾਕਾਂ ਬਾਰੇ ਵੀ ਦੱਸਿਆ ਗਿਆ ਹੈ ਜਿੱਥੇ ਪਾਣੀ ਵਿਚ ਲਵਣ ਵੱਧ ਹਨ। ਇਹ ਦੀ ਪਾਣੀ ਪੀਣਯੋਗ ਨਹੀਂ ਹੈ ਜਾਂ ਦੂਜੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਇਸ ਪਾਣੀ ਨੂੰ ਪੀਣ ਕਾਰਨ ਲੀਵਰ ਖਰਾਬ ਹੋਣ ਦੀ ਸਮੱਸਿਆ ਆ ਸਕਦੀ ਹੈ। ਇਨ੍ਹਾਂ ਬਲਾਕਾਂ ਵਿਚ ਸੰਗਤ ਮੰਡੀ, ਬਠਿੰਡਾ, ਤਲਵੰਡੀ ਸਾਬੋ, ਫਰੀਦਕੋਟ, ਫਾਜ਼ਿਲਕਾ, ਖੂਈਆਂ ਸਰਵਰ, ਅਬੋਹਰ, ਜਲਾਲਾਬਾਦ, ਮਾਨਸਾ, ਬੁਨੀਰ, ਲੰਬੀ, ਬੁੱਢਲਾਡਾ, ਮੁਕਤਸਰ ਤੇ ਮਲੋਟ ਸ਼ਾਮਿਲ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਵਿਚ ਭੂਜਲ 18.84 ਬਿਲੀਅਨ ਕਿਊਬਿਕ ਮੀਟਰ (ਬੀ ਸੀ ਐੱਮ) ਔਸਤਨ ਰਿਚਾਰਜ ਹੁੰਦਾ ਹੈ। ਅਜਿਹੇ ਵਿਚ 16.97 ਬੀ ਸੀ ਐੱਮ ਹੀ ਕੱਢਣਯੋਗ ਹੈ ਪਰ ਪੰਜਾਬ ਵਿਚ ਇਹ 27.8 ਬੀ ਸੀ ਐੱਮ ਕੱਢਿਆ ਜਾ ਰਿਹਾ ਹੈ ਜੋ 163 ਫੀਸਦੀ ਬਣਦਾ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੁੱਲ 143 ਬਲਾਕਾਂ ਵਿੱਚੋਂ 114 ਦਿਹਾਤੀ ਤੇ ਤਿੰਨ ਸ਼ਹਿਰੀ ਬਲਾਕ (ਕੁੱਲ 76.47 ਫੀਸਦੀ ਖੇਤਰ) ਨੂੰ ਅਤਿ-ਸ਼ੋਸ਼ਤ ਹੈ। ਭਾਵ ਇਸ ਵਿਚੋਂ ਲੋੜ ਤੋਂ ਕਿਤੇ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਤਿੰਨ ਬਲਾਕਾਂ ਨੂੰ ਘੱਟ ਗੰਭੀਰ, 13 ਬਲਾਕਾਂ ਦਾ ਗੰਭੀਰ ਰੂਪ 'ਚ ਵਰਗੀਕਰਨ ਕੀਤਾ ਗਿਆ ਹੈ।

### 143 ਬਲਾਕਾਂ 'ਚੋ 117 ਡਾਰਕ ਜ਼ੋਨ 'ਚ ਆਏ


ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ 143 ਬਲਾਕਾਂ ਵਿੱਚੋਂ 117 ਬਲਾਕ ਡਾਰਕ ਜ਼ੋਨ ਵਿਚ ਆ ਗਏ ਹਨ ਜਿੱਥੇ ਜਿੰਨਾ ਪਾਣੀ ਹਰ ਸਾਲ ਰੀਚਾਰਜ ਹੁੰਦਾ ਹੈ, ਉਸ ਦਾ ਸੌ ਫੀਸਦੀ ਜ਼ਮੀਨ ਹੇਠਾਂ ਕੱਢ ਲਿਆ ਜਾਂਦਾ ਹੈ। ਇਸ ਕਾਰਨ ਹਰੇਕ ਸਾਲ ਇਨ੍ਹਾਂ ਬਲਾਕਾਂ ਵਿਚ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ। ਹਾਲਾਂਕਿ ਰਿਪੋਰਟ ਵਿਚ 10 ਉਨ੍ਹਾਂ ਬਲਾਕਾਂ ਦਾ ਜ਼ਿਕਰ ਤਾ ਕੀਤਾ ਗਿਆ ਹੈ ਜਿੱਥੇ ਪਾਣੀ ਨੂੰ ਰਿਚਾਰਚ ਕਰਨ ਦੀ ਯੋਜਨਾ ਚਲਾਈ ਗਈ ਹੈ ਤੇ ਪਾਣੀ ਕੁਝ ਹੱਦ ਤੱਕ ਉਪਰ ਆਇਆ ਹੈ ਪਰ ਇਨ੍ਹਾਂ ਦੇ ਨਾਵਾਂ ਦਾ ਰਿਪੋਰਟ ਵਿਚ ਜ਼ਿਕਰ ਨਹੀ ਹੈ। ਇਸ ਤੋਂ ਇਲਾਵਾ ਛੇ ਅਜਿਹੇ ਬਲਾਕ ਵੀ ਹਨ ਜਿੱਥੇ ਪਾਣੀ ਪਿਛਲੇ ਸਾਲ ਦੀ ਤੁਲਨਾ ਵਿਚ ਹੋਰ ਹੇਠਾਂ ਗਿਆ ਹੈ। ਰਿਪੋਰਟ ਵਿਚ ਭੂਜਲ ਹੇਠਾਂ ਜਾਣ ਦਾ ਕਾਰਨ ਸਿੰਚਾਈ ਲਈ ਪਾਣੀ ਦੀ ਵਰਤੋਂ ਜ਼ਿਆਦਾ ਕਰਨੀ ਦੱਸਿਆ ਗਿਆ ਹੈ ਹਾਲਾਂਕਿ ਇਸ ਲਈ ਇੰਡਸਟਰੀ ਤੇ ਘਰੇਲੂ ਸੈਕਟਰ ਦੀ ਜ਼ਿੰਮੇਵਾਰ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿੱਥੇ ਦੇਸ਼ ਭਰ ਵਿਚ ਭੂਜਲ ਕੱਢਣ ਦੀ ਔਸਤ 59.6 ਹੈ, ਉੱਥੇ ਪੰਜਾਬ ਸਮੇਤ ਕਈ ਸੂਬੇ ਸੌ ਫੀਸਦੀ ਤੋਂ ਵੀ ਵੱਧ ਪਾਣੀ ਜ਼ਮੀਨ ਹੇਠੋਂ ਕੱਢ ਰਹੇ ਹਨ। ਪੰਜਾਬ ਵਿਚ 90 ਫੀਸਦੀ ਭੂਜਲ ਸਿੰਚਾਈ ਲਈ ਉਪਯੋਗ ਹੋ ਰਿਹਾ ਹੈ ਜਦਕਿ ਇੰਡਸਟਰੀ ਦੇ ਘਰੇਲੂ ਸੈਕਟਰ ਲਈ ਇਹ ਦਸ ਫੀਸਦੀ ਹੈ।

# ਸਰਦ ਰੁੱਤ ਦੀਆਂ ਸਬਜ਼ੀਆਂ ਦਾ ਠੰਢ ਅਤੇ ਕੋਹਰੇ ਤੋਂ ਬਚਾਓ

ਅਮਰਜੀਤ ਸਿੰਘ ਸੰਧੂ, ਪ੍ਰਿਤਪਾਲ ਸਿੰਘ ਅਤੇ ਨਵਨੀਤ ਕੌਰ,
ਫਾਰਮ ਸਲਾਹਕਾਰ ਸੇਵਾ ਕੇਂਦਰ, ਬਠਿੰਡਾ, ਮੋਬਾਇਲ : 94633-71120

ਪੰਜਾਬ ਵਿਚ ਸਰਦ ਰੁੱਤ ਦੀਆਂ ਸਬਜ਼ੀਆਂ ਦੀਆਂ ਕਈ ਫਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ ਜਿਨ੍ਹਾਂ ਵਿਚ ਮੁੱਖ ਤੌਰ ਕੇ ਆਲੂ, ਮਟਰ, ਪਿਆਜ਼, ਲਸਣ, ਗੋਭੀ ਜਾਤੀ ਦੀ ਸਬਜ਼ੀਆਂ, ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ ਪੱਤਿਆਂ ਵਾਲੀਆਂ ਸਬਜ਼ੀਆਂ ਹੇਠ ਜ਼ਿਆਦਾ ਰਕਬਾ ਹੁੰਦਾ ਹੈ। ਇਸ ਤੋਂ ਇਲਾਵਾ ਇਸ ਮੌਸਮ ਦੌਰਾਨ ਜ਼ਿਆਦਾ ਮੁਨਾਫਾ ਕਮਾਉਣ ਲਈ ਕੁਝ ਗਰਮ ਰੁੱਤ ਵਾਲੀਆਂ ਸਬਜ਼ੀਆਂ ਦੀ ਕਾਸ਼ਤ ਵੀ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚੋਂ ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ, ਖੀਰਾ, ਘੀਆ ਕੱਦੂ, ਖਰਬੂਜ਼ਾ, ਤਰਬੂਜ਼, ਚੱਪਣ ਕੱਦੂ ਆਦਿ ਦੀ ਖੇਤੀ ਵੀ ਸਬਜ਼ੀ ਉਤਪਾਦਕਾਂ ਵੱਲੋਂ ਕੀਤੀ ਜਾਂਦੀ ਹੈ।

ਪੰਜਾਬ ਵਿਚ ਅੱਧ ਦਸੰਬਰ ਤੋਂ ਲੈ ਕੇ ਫਰਵਰੀ ਦੇ ਪਹਿਲੇ ਹਫਤੇ ਤੱਕ ਮੌਸਮ



ਕਾਫੀ ਠੰਢਾ ਰਹਿੰਦਾ ਹੈ ਜਿਸ ਦਰਮਿਆਨ ਘੱਟ ਤਾਪਮਾਨ, ਧੁੰਦ ਅਤੇ ਕੋਹਰੇ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ। ਲੰਮੇ ਸਮੇਂ ਤੱਕ ਲਗਾਤਾਰ ਘੱਟ ਤਾਪਮਾਨ ਜ਼ਿਆਦਾ ਦਿਨਾਂ ਲਈ ਲਗਾਤਾਰ ਧੁੰਦ ਦਾ ਰਹਿਣਾ ਅਤੇ ਜ਼ਿਆਦਾ ਕੋਹਰੇ ਦੇ ਪੈਣ ਨਾਲ ਸਬਜ਼ੀਆਂ ਦੀਆਂ ਕਈ ਫਸਲਾਂ ਜਿਵੇਂ ਖਰਬੂਜਾਂ, ਤਰਬੂਜ਼, ਘੀਆ ਕੱਦੂ, ਖੀਰਾ, ਚੱਪਣ ਕੱਦੂ, ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ, ਆਲੂ ਤੇ ਬਹੁਤ ਬੁਰਾ ਅਸਰ ਪੈਂਦਾ ਹੈ ਤੇ ਕਈ ਵਾਰ ਇਹ ਫਸਲਾਂ ਮਰ ਵੀ ਜਾਂਦੀਆਂ ਹਨ। ਪਿਆਜ਼, ਲਸਣ, ਗੋਭੀ ਜਾਤੀ ਦੀਆਂ ਸਬਜ਼ੀਆਂ, ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ ਪੱਤਿਆਂ ਵਾਲੀਆਂ ਸਬਜ਼ੀਆਂ ਤੇ ਠੰਡ ਅਤੇ ਕੋਹਰੇ ਦਾ ਮਾੜ੍ਹ ਪ੍ਰਭਾਵ ਨਹੀਂ ਪੈਂਦਾ ਪਰ ਜ਼ਿਆਦਾ ਕੋਹਰਾ ਪੈਣ ਨਾਲ ਮਟਰਾਂ ਅਤੇ ਪੱਤਿਆਂ ਵਾਲੀਆਂ ਸਬਜ਼ੀਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਮਟਰਾਂ ਦੀਆਂ ਫਲੀਆਂ ਦੇ ਅੰਦਰ ਦਾਣੇ ਮਰ ਜਾਂਦੇ ਹਨ। ਸਰਦ ਰੁੱਤ ਦੌਰਾਨ ਵੱਖ-ਵੱਖ ਸਬਜ਼ੀਆਂ ਦੀ ਖੇਤੀ ਕਰਨ ਲਈ ਹੇਠ ਲਿਖੀਆਂ ਕੁਝ ਤਕਨੀਕਾਂ ਅਪਣਾ ਕੇ ਇਹਨਾਂ ਫਸਲਾਂ ਦੀ ਕਾਮਯਾਬੀ ਨਾਲ ਕਾਸ਼ਤ ਕੀਤੀ ਜਾ ਸਕਦੀ ਹੈ।

**ਵੇਲਾਂ ਵਾਲੀਆਂ ਸਬਜ਼ੀਆਂ** : ਅਗੇਤੀ ਫਸਲ ਲਈ ਘੀਆ ਕੱਦੂ ਅਤੇ ਤਰਬੂਜ਼ ਦੀ ਬਿਜਾਈ ਨਵੰਬਰ-ਦਸੰਬਰ ਮਹੀਨੇ ਵਿਚ ਕੀਤੀ ਜਾ ਸਕਦੀ ਹੈ। ਪਰ ਇਸ ਸਮੇਂ ਲਈ ਫਸਲ ਨੂੰ ਠੰਢ ਅਤੇ ਕੋਹਰੇ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਫਸਲਾਂ ਦੀ ਬਿਜਾਈ ਕਰਨ ਲਈ ਪੂਰਬ ਤੋਂ ਪੱਛਮ ਦਿਸ਼ਾ ਵਿਚ ਪਟੜੇ ਤਿਆਰ ਕਰੋ ਅਤੇ ਬਿਜਾਈ ਸਮੇਂ ਪਟੜਿਆਂ ਦੀ ਉੱਤਰ ਵਾਲੀ ਦਿਸ਼ਾ ਵੱਲ ਝੋਨੇ ਦੀ ਪਰਾਲੀ ਜਾਂ ਸਰਕੰਡਾ ਜਾਂ ਪੋਲੀਸ਼ੀਟ ਨਾਲ ਛੌਰਾ ਤਿਆਰ ਕਰੋ। ਇਸ ਤਰ੍ਹਾਂ ਕਰਨ ਨਾਲ ਫਸਲ ਦਾ ਜੰਮ ਚੰਗਾ ਰਹੇਗਾ ਅਤੇ ਫਸਲ ਨੂੰ ਠੰਢ ਅਤੇ ਕੋਹਰੇ ਤੋਂ ਬਚਾਅ ਵੀ ਰਹੇਗਾ, ਜਿਸ ਨਾਲ ਕਿਸਾਨ ਵੀਰ ਅਗੇਤੀ ਫਸਲ ਲੈ ਸਕਣਗੇ। ਚੱਪਣ ਕੱਦੂ ਦੀ ਫਸਲ ਵੀ ਇਨ੍ਹਾਂ ਵਿਧੀਆਂ ਨਾਲ ਬਚਾ ਕਰਕੇ ਅਕਤੂਬਰ- ਨਵੰਬਰ ਦੇ ਮਹੀਨੇ ਵਿਚ ਬੀਜੀ ਜਾ ਸਕਦੀ ਹੈ। ਅੱਧ ਨਵੰਬਰ ਵਿਚ ਨੀਵੀਂ ਸੁਰੰਗ ਪ੍ਰਣਾਲੀ ਤਕਨੀਕ ਨਾਲ ਖੀਰੇ ਦੀ ਫਸਲ ਪੂਰੀ ਕਾਮਯਾਬੀ ਨਾਲ ਉਗਾਈ ਜਾ ਸਕਦੀ ਹੈ। ਖਰਬੂਜ਼ੇ ਦੀ ਅਗੇਤੀ ਫਸਲ ਲੈਣ ਲਈ ਜਨਵਰੀ ਦੇ ਅਖੀਰ ਤੋਂ ਫਰਵਰੀ ਦੇ ਪਹਿਲੇ ਹਫਤੇ ਤੱਕ ਪਲਾਸਟਿਕ 100 ਗੇਜ ਵਾਲੇ 15×10 ਸੈਂਟੀਮੀਟਰ ਲਿਫਾਫਿਆਂ ਵਿਚ ਫਸਲ ਦੀ ਪਨੀਰੀ ਤਿਆਰ ਕਰਕੇ 15-20 ਦਿਨ ਅਗੇਤੀ ਫਸਲ ਲਈ ਜਾ ਸਕਦੀ ਹੈ। ਰਾਤ ਸਮੇਂ ਲਿਫਾਫਿਆਂ ਨੂੰ ਪੋਲੀਸ਼ੀਟ ਨਾਲ ਢੱਕ ਦੇਣਾ ਚਾਹੀਦਾ ਹੈ।

**ਟਮਾਟਰ, ਬੈਂਗਣ, ਮਿਰਚ ਅਤੇ ਸ਼ਿਮਲਾ ਮਿਰਚ** : ਅਕਤੂਬਰ-ਨਵੰਬਰ ਮਹੀਨੇ ਦੌਰਾਨ ਟਮਾਟਰ ਦੀ ਪਨੀਰੀ ਬੀਜ ਕੇ ਨਵੰਬਰ-ਦਸੰਬਰ ਮਹੀਨੇ ਵਿਚ ਪਨੀਰੀ ਖੇਤ ਵਿਚ ਲਾਓ। ਪਟੜਿਆਂ ਦੀ ਦਿਸ਼ਾ ਪੂਰਬ-ਪੱਛਮ ਵੱਲ ਰੱਖੋ ਅਤੇ ਉੱਤਰ ਵਾਲੇ ਪਾਸੇ ਤੋਂ ਫਸਲ ਨੂੰ ਝੋਨੇ ਦੀ ਪਰਾਲੀ ਜਾਂ ਸਰਕੰਡਾ ਜਾਂ ਪੋਲੀਸ਼ੀਟ ਨਾਲ ਛੌਰਾ ਕਰਕੇ ਫਸਲ ਨੂੰ ਠੰਢ ਅਤੇ ਕੋਹਰੇ ਤੋਂ ਬਚਾਓ। ਜਿਨ੍ਹਾਂ ਦਿਨਾਂ ਵਿਚ ਕੋਹਰੇ ਪੈਣ ਦੀ ਸੰਭਾਵਨਾ ਹੋਵੇ ਫਸਲ ਨੂੰ ਹਲਕਾ ਪਾਣੀ ਦਿੰਦੇ ਰਹੋ। ਫਰਵਰੀ ਮਹੀਨੇ ਵਾਲੀ ਪਿਛੇਤੀ ਫਸਲ ਲੈਣ ਲਈ ਪਨੀਰੀ ਦਸੰਬਰ ਦੇ ਪਹਿਲੇ ਅੱਧ ਵਿੱਚ ਬੀਜੋ ਅਤੇ ਪਨੀਰੀ ਨੂੰ ਪੋਲੀਸ਼ੀਟ ਦਾ ਛੌਰਾ



ਕਰਕੇ ਢੱਕ ਕੇ ਰੱਖੋ। ਬੈਂਗਣ ਅਤੇ ਮਿਰਚ ਦੀ ਕਾਮਯਾਬ ਫਸਲ ਲੈਣ ਲਈ ਨਵੰਬਰ ਮਹੀਨੇ ਦੇ ਅੱਧ ਵਿਚ ਪਨੀਰੀ ਬੀਜ ਕੇ ਸਰਕੰਡੇ ਜਾਂ ਪੋਲੀਸ਼ੀਟ ਦਾ ਛੌਰਾ ਕਰਕੇ ਢੱਕ ਦਿਓ ਅਤੇ ਫਰਵਰੀ ਦੇ ਸ਼ੁਰੂ



ਵਿੱਚ ਖੇਤ ਵਿੱਚ ਲਾ ਦਿਓ। ਬੈਂਗਣ ਅਤੇ ਮਿਰਚ ਦੀ ਪਨੀਰੀ ਨੀਵੀਂ ਸੁਰੰਗ ਪ੍ਰਣਾਲੀ ਹੇਠ ਵੀ ਤਿਆਰ ਕੀਤੀ ਜਾ ਸਕਦੀ ਹੈ। ਸ਼ਿਮਲਾ ਮਿਰਚ ਦੀ ਪਨੀਰੀ ਦੀ ਬਿਜਾਈ ਅੱਧ ਅਕਤੂਬਰ ਵਿਚ ਕਰੋ ਅਤੇ ਅੱਧ ਨਵੰਬਰ ਵਿਚ ਪਨੀਰੀ ਪੁੱਟ ਕੇ ਖੇਤ ਵਿੱਚ ਲਾ ਦਿਓ। ਵੱਟਾਂ ਦੀ ਦਿਸ਼ਾ ਵਾਲੇ ਪਾਸੇ ਤੋਂ ਝੋਨੇ ਦੀ ਪਰਾਲੀ ਸਰਕੰਡੇ ਜਾਂ ਪੋਲੀਸ਼ੀਟ ਦਾ ਛੌਰਾ ਕਰੋ। ਇਸ ਨਾਲ ਫਸਲ ਤੇ ਠੰਢ ਅਤੇ ਕੋਹਰੇ ਦਾ ਅਸਰ ਬਹੁਤ ਘੱਟ ਜਾਵੇਗਾ। ਇਸ ਤੋਂ ਇਲਾਵਾ ਸਰਦ ਰੁੱਤ ਵਿਚ ਖੀਰਾ, ਟਮਾਟਰ, ਬੈਂਗਣ ਅਤੇ ਸ਼ਿਮਲਾ ਮਿਰਚ ਦੀ ਕਾਸ਼ਤ ਪੋਲੀ/ਨੈੱਟ ਹਾਊਸ ਵਿਚ ਕਾਮਯਾਬੀ ਨਾਲ ਕੀਤੀ ਜਾ ਸਕਦੀ ਹੈ। ਸ਼ਿਮਲਾ ਮਿਰਚ, ਖੀਰਾ ਅਤੇ ਬੈਂਗਣ ਦੀ ਕਾਸ਼ਤ ਨੀਵੀਂ ਸੁਰੰਗ ਪ੍ਰਣਾਲੀ ਰਾਹੀਂ ਕੀਤੀ ਜਾ ਸਕਦੀ ਹੈ।

**ਆਲੂ ਅਤੇ ਮਟਰ** : ਕਈ ਵਾਰ ਸਰਦ ਰੁੱਤ ਦੌਰਾਨ ਬਹੁਤ ਜ਼ਿਆਦਾ ਕੋਹਰਾ ਕਈ ਦਿਨਾਂ ਤੱਕ ਪੈ ਜਾਂਦਾ ਹੈ। ਜਿਸ ਨਾਲ ਆਲੂ ਦੀ ਫਸਲ ਦਾ ਬਹੁਤ ਨੁਕਸਾਨ ਹੁੰਦਾ ਹੈ। ਇਨ੍ਹਾਂ ਹਾਲਤਾਂ ਵਿਚ ਆਲੂ ਦੀ ਫਸਲ ਨੂੰ ਹਲਕਾ ਪਾਣੀ ਦਿੰਦੇ ਰਹੋ ਅਤੇ ਜ਼ਮੀਨ ਨੂੰ ਖੁਸ਼ਕ ਹੋਣ ਤੋਂ ਬਚਾਉ। ਪਟੜਿਆਂ ਤੇ ਲਾਈ ਹੋਈ ਮਟਰਾਂ ਦੀ ਫਸਲ ਨੂੰ ਵੀ ਹਲਕੀ ਸਿੰਚਾਈ ਕਰਕੇ ਕੋਰੇ ਦੇ ਦੁਰਪ੍ਰਭਾਵ ਤੋਂ ਬਚਾਇਆ ਜਾ ਸਕਦਾ ਹੈ।

# ਭਾਰਤੀ ਰਵਾਇਤੀ ਚਿਕਿਤਸਕ ਰੁੱਖ ਹਨ ਨਿੰਮ ਅਤੇ ਸੁਹਾਂਜਣਾ

**ਨਿੰਮ ਦੀ ਵਰਤੋਂ ਕੀਟਨਾਸ਼ਕ ਅਤੇ ਚਿਕਿਤਸਕ ਕਾਰਜਾਂ ਲਈ ਕੀਤੀ ਜਾਂਦੀ ਹੈ। ਨਿੰਮ ਦੇ ਦਰਖਤ ਦੇ ਸਾਰੇ ਉਤਪਾਦਾਂ ਵਿੱਚੋਂ, ਬੀਜ ਤੇਲ ਵਪਾਰਕ ਤੌਰ ਤੇ ਸਭ ਤੋਂ ਵੱਧ ਮਹੱਤਵਪੂਰਨ ਹੈ। ਇਸ ਨੂੰ ਕੀਟਨਾਸ਼ਕਾਂ ਤੋਂ ਲੈ ਕੇ ਦਵਾਈਆਂ ਤੱਕ ਵਰਤਿਆ ਜਾਂਦਾ ਹੈ। ਨਿੰਮ ਨੂੰ ਭਾਰਤੀ ਉਪ ਮਹਾਂਦੀਪ ਦਾ ਸਭ ਤੋਂ ਸਤਿਕਾਰਿਆ ਰੁੱਖ ਮੰਨਿਆ ਜਾਂਦਾ ਹੈ। ਇਸੇ ਤਰ੍ਹਾ ਸੁਹਾਂਜਣਾ ਕੁਪੋਸ਼ਣ ਅਤੇ ਕਈ ਵਿਕਾਰਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਸੁਹਾਂਜਣਾ ਦੇ ਪੱਤੇ ਅਤੇ ਫਲੀਆਂ ਏਸ਼ੀਆਈ ਦੇਸ਼ਾਂ ਵਿੱਚ ਮਨੁੱਖਾਂ ਅਤੇ ਜਾਨਵਰਾਂ ਦੇ ਪੌਸ਼ਣ ਲਈ ਵਰਤੀਆਂ ਜਾਂਦੀਆਂ ਹਨ।**



ਜ਼ਹਿਰੀਲੇ ਕੀੜਿਆਂ ਤੋਂ ਛੁਟਕਾਰਾ ਪਾਉਣ ਲਈ ਫਸਲਾਂ, ਸ਼ਹਿਰੀ ਵਾਤਾਵਰਣ ਅਤੇ ਜਲਘਰਾਂ ਵਿਚ ਸਿੰਥੈਟਿਕ ਰਸਾਇਣਾਂ ਦੀ ਬਹੁਤ ਜ਼ਿਆਦਾ ਵਰਤੋਂ ਨਾਲ ਮਨੁੱਖੀ ਸਿਹਤ ਲਈ ਜ਼ਹਿਰੀਲੇ ਪ੍ਰਭਾਵ ਅਤੇ ਵਾਤਾਵਰਣ ਪ੍ਰਦੂਸ਼ਣ ਦਾ ਖਤਰਾ ਵਧਿਆ ਹੈ। ਇਹ ਇਕ ਤੱਥ ਹੈ ਕਿ ਵਿਸ਼ਵ ਦੀ ਖੇਤੀ ਰਸਾਇਣ ਮਾਰਕੀਟ ਵਿਚ ਜੜ੍ਹੀ-ਬੂਟੀਆਂ ਦੀ ਮਾਤਰਾ 48 ਫੀਸਦੀ, ਇਸ ਤੋਂ ਬਾਅਦ ਕੀਟਨਾਸ਼ਕਾਂ (25 ਫੀਸਦੀ) ਅਤੇ ਉੱਲੀਮਾਰ (22 ਫੀਸਦੀ) ਸ਼ਾਮਿਲ ਸਨ। ਹੁਣ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਕੁਦਰਤੀ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਪੌਦੇ ਦੇ ਤੱਤਾਂ ਜਾਂ ਜੜੀ-ਬੂਟੀਆਂ ਦੇ ਉਤਪਾਦਾਂ ਜਿਵੇਂ ਕਿ ਪੌਦੇ ਦਾ ਤੇਲ, ਪੌਦੇ ਦਾ ਰਸ ਆਦਿ ਵਰਤੋਂ ਕਰ ਰਹੀਆਂ ਹਨ।

ਨਿੰਮ ਦੀ ਵਰਤੋਂ ਕੀਟਨਾਸ਼ਕ ਅਤੇ ਚਿਕਿਤਸਕ ਕਾਰਜਾਂ ਲਈ ਕੀਤੀ ਜਾਂਦੀ ਹੈ। ਨਿੰਮ ਦੇ ਦਰਖਤ ਦੇ ਸਾਰੇ ਉਤਪਾਦਾਂ ਵਿੱਚੋਂ, ਬੀਜ ਤੇਲ ਵਪਾਰਕ ਤੌਰ ਤੇ ਸਭ ਤੋਂ ਵੱਧ ਮਹੱਤਵਪੂਰਨ ਹੈ। ਇਸ ਨੂੰ ਕੀਟਨਾਸ਼ਕਾਂ ਤੋਂ ਲੈ ਕੇ ਦਵਾਈਆਂ ਤੱਕ ਵਰਤਿਆ ਜਾਂਦਾ ਹੈ। ਨਿੰਮ ਨੂੰ ਭਾਰਤੀ ਉਪ ਮਹਾਂਦੀਪ ਦਾ ਸਭ ਤੋਂ ਸਤਿਕਾਰਿਆ ਰੁੱਖ ਮੰਨਿਆ ਜਾਂਦਾ ਹੈ। ਇਸੇ ਤਰ੍ਹਾ ਸੁਹਾਂਜਣਾ ਕੁਪੋਸ਼ਣ ਅਤੇ ਕਈ ਵਿਕਾਰਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਸੁਹਾਂਜਣਾ ਦੇ ਪੱਤੇ ਅਤੇ ਫਲੀਆਂ ਏਸ਼ੀਆਈ ਦੇਸ਼ਾਂ ਵਿੱਚ ਮਨੁੱਖਾਂ ਅਤੇ ਜਾਨਵਰਾਂ ਦੇ ਪੌਸ਼ਣ ਲਈ ਵਰਤੀਆਂ ਜਾਂਦੀਆਂ ਹਨ। ਪ੍ਰਾਚੀਨ ਸ਼ਾਸਕਾਂ ਦੁਆਰਾ ਇਸ ਦੇ ਪੱਤੇ ਅਤੇ ਉਤਪਾਦਾਂ ਨੂੰ ਆਪਣੀ ਰੋਜ਼ਾਨਾ ਦੀ ਖੁਰਾਕ ਵਿਚ ਸਰੀਰਕ ਅਤੇ ਮਾਨਸਿਕ ਸਿਹਤ ਬਣਾਈ ਰੱਖਣ ਲਈ ਇਸਤੇਮਾਲ ਕੀਤਾ ਜਾਂਦਾ ਸੀ।

ਇੱਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਅਜੋਕੇ ਸਮੇਂ 13.8 ਮਿਲੀਅਨ ਨਿੰਮ ਦੇ ਰੁੱਖ ਹਨ ਜਿਨ੍ਹਾਂ ਤੋਂ 83,000 ਟਨ ਨਿੰਮ ਦਾ ਤੇਲ 3.3 ਲੱਖ ਟਨ ਨਿੰਮ ਦੇ ਕੇਕ ਅਤੇ 4.13 ਲੱਖ ਟਨ ਨਿੰਮ ਦਾ ਬੀਜ ਤਿਆਰ ਕੀਤਾ ਜਾ ਸਕਦਾ ਹੈ। ਇੱਕ ਨਿੰਮ ਦੇ ਰੁੱਖ ਤੋਂ ਹਰ ਸਾਲ 37-50 ਕਿਲੋ ਨਿੰਮੋਲੀਆਂ ਪ੍ਰਾਪਤ ਹੁੰਦੀਆਂ ਹਨ। 40 ਕਿਲੋ ਫਲ ਵਿੱਚ 24 ਕਿਲੋ ਸੁੱਕਾ ਮਾਦਾ ਪ੍ਰਾਪਤ ਹੁੰਦਾ ਹੈ ਅਤੇ 11.52 ਕਿਲੋ ਗੁੱਦਾ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ 6 ਕਿਲੋ ਬੂਰਾ ਅਤੇ 1.1 ਕਿਲੋ ਬੀਜ ਦੀ ਛਿੱਲ ਪ੍ਰਾਪਤ ਹੁੰਦੀ ਹੈ। ਇਕ ਪੂਰੀ ਤਰ੍ਹਾਂ ਵਿਕਸਿਤ ਨਿੰਮ ਦਾ ਰੁੱਖ 10 ਮੀਟਰ ਦੇ ਘੇਰੇ ਤੱਕ ਫੈਲ ਸਕਦਾ ਹੈ। ਬਹੁਮੰ ਤਵੀ ਰੁੱਖ ਹੋਣ ਦੇ ਬਾਵਜੂਦ ਵੀ ਇਸ ਰੁੱਖ ਦੀ ਜਿਨਸ ਸੁਧਾਰ ਕਾਰਜਾਂ ਨੂੰ ਅਪਨਾਉਣ ਦੀ ਲੋੜ ਹੈ। ਕੁਝ ਸਮਾਂ ਪਹਿਲਾਂ ਖਾਦਾਂ ਵਿੱਚ ਨੀਮ ਲਿਪਤ ਯੂਰੀਆ ਵੀ ਵਰਤੋਂ ਆਰੰਭੀ ਗਈ। ਇਸ ਨਾਲ ਮਿੱਟੀ ਦੀ ਸਿਹਤ ਵਿੱਚ ਆ ਰਹੇ ਨਿਘਾਰ ਨੂੰ ਠੱਲ ਪਾਈ ਜਾ ਸਕਦੀ ਹੈ ਅਤੇ ਇਸ ਦੇ ਕਾਰਨ ਹੀ ਨਿੰਮ ਦੇ ਤੇਲ ਦੀ ਮੰਗ ਵੀ ਹੋਰ ਵਧੀ।

ਨਿੰਮ ਇਕ ਅਜਿਹਾ ਵਿਲੱਖਣ ਰੁੱਖ ਹੈ ਜਿਸ ਵਿਚ ਬਹੁਤਾਤ ਵਿੱਚ ਗੁਣਕਾਰੀ ਔਸ਼ਧੀਆਂ ਜਿਵੇਂ ਬੈਕਟੀਰੀਆ ਨਾਲ ਲੜਨ ਦੀ ਸ਼ਕਤੀ, ਉੱਲੀ ਨਾਲ ਲੜਨ ਦੀ ਸ਼ਕਤੀ, ਕੀੜੇ-ਮਕੌੜਿਆਂ ਨੂੰ ਭਜਾਉਣ ਆਦਿ ਵਿਸ਼ੇਸ਼ਤਾਈਆਂ ਦੀ ਪੜਚੋਲ ਕਰਨ ਦੀ ਲੋੜ ਹੈ। ਮੁੱਢ ਕਦੀਮ ਤੋਂ ਹੀ ਅਨੇਕਾਂ ਬਿਮਾਰੀਆਂ ਦੇ ਇਲਾਜ ਵਿੱਚ ਨਿੰਮ ਦੀ ਵਰਤੋਂ ਕੀਤੀ ਜਾਂਦੀ ਸੀ। ਨਿੰਮ ਦੇ ਪੱਤੇ ਪਾਲਤੂ ਜਾਨਵਰਾਂ ਦੀ ਸੁਰੱਖਿਆ, ਸਾਜ਼ੋ-ਸਮਾਨ ਦੇ ਪਦਾਰਥ ਤਿਆਰ ਕਰਨ ਵਿੱਚ ਵਰਤੇ ਜਾਂਦੇ ਹਨ ਜਦੋਂ ਕਿ ਫਲ ਅਤੇ ਬੀਜ ਤੋਂ ਤੇਲ ਤਿਆਰ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਬੀਜਾਂ ਦੀ ਪਰਤ ਦੰਦਾਂ ਦੀ ਸਾਂਭ ਸੰਭਾਲ ਲਈ ਅਤਿਅੰਤ ਲਾਭਕਾਰੀ ਹੈ। ਨਿੰਮ ਦੀਆਂ ਜੜ੍ਹਾਂ ਦਵਾਈ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਜਦੋਂ ਕਿ ਨਿੰਮ ਦੀ ਲੱਕੜ ਫਰਨੀਚਰ ਅਤੇ ਹੋਰ ਘਰੇਲੂ ਸਾਜ਼ੋ-ਸਮਾਨ ਲਈ ਵਰਤੀ ਜਾਂਦੀ ਹੈ। ਨਿੰਮ ਦੇ ਬੀਜ ਤੋਂ ਬੀਜ ਕੇਕ ਅਤੇ ਦੇਸੀ ਖਾਦ ਵੀ ਤਿਆਰ ਕੀਤੀ ਜਾਂਦੀ ਹੈ। ਨਿੰਮ ਦੇ ਪੱਤੇ ਖੂਨ ਦੀ ਸਾਫ-ਸਫਾਈ ਲਈ ਅਤਿਅੰਤ ਮਹੱਤਵਪੂਰਨ ਗਿਣੇ ਗਏ ਹਨ। ਬਿਮਾਰੀ ਵਿਅਕਤੀ ਨੂੰ ਰੋਜ਼ ਸਵੇਰੇ 10-12 ਨਿੰਮ ਦੇ ਪੱਤੇ ਜਾਂ ਨਿੰਮ ਦਾ ਅੱਧਾ ਕੱਪ ਜੂਸ ਪੀ ਲੈਣਾ ਚਾਹੀਦਾ ਹੈ। ਇਸ ਦੀ ਤਿੰਨ ਮਹੀਨੇ ਕਾਲੀ ਮਿਰਚ ਨਾਲ ਵਰਤੋਂ ਕਰਕੇ ਸ਼ੱਕਰ ਰੋਗ ਤੇ ਕਾਬੂ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਨਿੰਮ ਦੇ ਪੱਤਿਆਂ ਦਾ ਪਾਊਡਰ ਅਤੇ ਸ਼ਹਿਦ ਨੂੰ ਮਿਲਾ ਕੇ ਲੇਪ ਤਿਆਰ ਕੀਤਾ ਜਾ ਸਕਦਾ ਹੈ ਜੋ ਕਿ ਜ਼ਖ਼ਮਾਂ ਲਈ ਬਹੁਤ ਲਾਭਦਾਇਕ ਹੁੰਦਾ ਹੈ। ਤਾਜ਼ੇ ਨਿੰਮ ਦੇ ਪੱਤਿਆਂ ਨੂੰ ਲੇਪ ਬਣਾ ਕੇ ਕਿੱਲ ਮੁਹਾਸਿਆਂ ਤੇ ਲਾਇਆ ਜਾ ਸਕਦਾ ਹੈ। ਚਮੜੀ ਦੇ ਰੋਗਾ ਲਈ ਤਿੰਨ ਗ੍ਰਾਮ ਨਿੰਮ ਦੇ ਪੱਤੇ ਅਤੇ ਤਿੰਨ ਗ੍ਰਾਮ ਅਮਾਲਕੀ ਪਾਊਡਰ ਨੂੰ ਘਿਉ ਵਿਚ ਮਿਲਾ ਕੇ ਵਰਤਣਾ ਚਾਹੀਦਾ ਹੈ। ਸਿਰ ਵਿੱਚ ਲਗਾਤਾਰ ਨਿੰਮ ਦਾ ਤੇਲ ਝੱਸਣ ਨਾਲ ਜੂੰਆਂ ਅਤੇ ਸਿੱਕਰੀ ਦੀ ਸਮੱਸਿਆ ਕਦੇ ਨਹੀਂ ਹੁੰਦੀ। ਘਰਾਂ ਨੂੰ ਕੀਟਾਣੂ ਮੁਕਤ ਅਤੇ ਮੱਛਰਾਂ ਮੱਖੀਆਂ ਨੂੰ ਭਜਾਉਣ ਲਈ ਸੁੱਕੇ ਪੱਤਿਆਂ ਨੂੰ ਘਿਉ ਵਿੱਚ ਮਿਲਾ ਕੇ ਵਰਤਿਆ ਜਾ ਸਕਦਾ ਹੈ।

ਨਿੰਮ ਤੋਂ ਤਿਆਰ ਕੀਤੇ ਪਦਾਰਥ ਕਈ ਤਰ੍ਹਾਂ ਦੇ ਦੁਸ਼ਮਣ ਕੀੜਿਆਂ ਦੇ ਵਾਧੇ ਵਿਚ ਅੜਿੱਕਾ ਪਾਉਣ ਦੀ ਸਮਰੱਥਾ ਰੱਖਦੇ ਹਨ, ਪਰ ਹੁਣ ਤੱਕ ਇਸ ਤੋਂ ਬਹੁਤ ਘੱਟ ਪਦਾਰਥ ਤਿਆਰ ਕੀਤੇ ਗਏ ਹਨ। ਇਹ ਪਦਾਰਥ ਨਰਮੇ ਅਤੇ ਝੋਨੇ ਦੀ ਖੇਤੀ ਵਿਚ ਸਿਫਾਰਸ਼ ਕੀਤੇ ਗਏ ਹਨ। ਚਿੱਟੀ ਮੱਖੀ ਲਈ ਨਿੰਮ ਅਧਾਰਿਤ ਘੋਲ ਨਿੰਬੀਸਾਈਡ ਜਾਂ ਅਚੂਕ ਇਕ ਲਿਟਰ ਪ੍ਰਤੀ ਏਕੜ ਲਈ ਸਿਫਾਰਸ਼ ਕੀਤਾ ਗਿਆ ਹੈ। ਨਰਮੇ ਤੇ ਚਿੱਟੀ ਮੱਖੀ ਦੀ ਰੋਕਥਾਮ ਲਈ 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੀ ਏ ਯੂ ਨਿੰਮ ਦੇ ਘੋਲ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਕਣਕ ਦੇ ਚੇਪੇ ਦੀ ਰੋਕਥਾਮ ਲਈ ਵੀ 2000 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਸਿਫਾਰਿਸ਼ ਕੀਤੀ ਗਈ ਹੈ। ਨਿੰਮ ਦਾ ਘੋਲ ਤਿਆਰ ਕਰਨ ਲਈ ਚਾਰ ਕਿਲੋ ਨਿੰਮ ਦੀਆਂ ਕਰੂੰਬਲਾਂ (ਪੱਤੇ, ਹਰੀਆਂ ਟਹਿਣੀਆਂ ਅਤੇ ਨਿੰਮੋਲੀਆਂ) ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ। ਇਸ ਘੋਲ ਨੂੰ ਕੱਪੜੇ ਨਾਲ ਛਾਣ ਲਉ ਅਤੇ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਛਿੜਕਾਅ ਕਰੋ। ਇਹ ਬਿਮਾਰੀਆਂ ਨੂੰ ਕਾਬੂ ਕਰਨ ਲਈ ਕਾਫੀ ਲਾਭਕਾਰੀ ਸਿੱਧ ਹੁੰਦਾ ਹੈ। ਭਵਿੱਖ ਵਿੱਚ ਉਮੀਦ ਹੈ ਕਿ ਇਸ ਸੰਬੰਧੀ ਹੋਰ ਪਦਾਰਥ ਵੀ ਸਿਫਾਰਸ਼ ਕੀਤੇ ਜਾਣਗੇ ਅਤੇ ਇਸ ਗੁਣਕਾਰੀ ਰੁੱਖ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਏਗੀ।

ਸੁਹਾਂਜਣਾ ਮੂਲ ਰੂਪ ਵਿੱਚ ਭਾਰਤ ਵਿੱਚ ਪੈਦਾ ਹੋਈ ਅਤੇ ਹੁਣ ਆਪਣੀਆਂ ਵਿਸ਼ੇਸ਼ਤਾਈਆਂ ਕਾਰਨ ਪੂਰੇ ਵਿਸ਼ਵ ਵਿੱਚ ਉਗਾਈ ਜਾ ਰਹੀ ਹੈ। ਸੁਹਾਂਜਣਾ ਦੇ ਵਿੱਚ ਉੱਚ ਪੱਧਰ ਅਤੇ ਭਰਪੂਰ ਮਾਤਰਾ ਦੇ ਵਿੱਚ ਪ੍ਰੋਟੀਨ ਪਾਇਆ ਜਾਂਦਾ ਹੈ ਜੋ ਕਿ ਮਾਸ, ਦੁੱਧ ਦੇ ਬਰਾਬਰ ਹੁੰਦਾ ਹੈ। ਇਸ ਤੋਂ ਇਲਾਵਾ ਵਸਾ, ਰੇਸ਼ਾ, ਕਾਰਬੋਹਾਈਡ੍ਰੇਟਸ, ਵਿਟਾਮਿਨ ਅਤੇ ਜ਼ਰੂਰੀ ਐਮੀਨੋ ਐਸਿਡ ਮਾਸ ਦੁੱਧ ਦੇ ਬਰਾਬਰ ਪਾਏ ਜਾਂਦੇ ਹਨ। ਸੁਹਾਂਜਣਾ ਦੇ ਸੁੱਕੇ ਪੱਤਿਆਂ ਦੇ ਵਿੱਚ 40-45 ਫੀਸਦੀ ਕਾਰਬੋਹਾਈਡ੍ਰੇਟਸ, 25-30 ਫੀਸਦੀ ਸ਼ੁੱਧ ਪ੍ਰੋਟੀਨ ਅਤੇ 10-12 ਫੀਸਦੀ ਫਾਈਬਰ ਪਾਏ ਜਾਂਦੇ ਹਨ। ਮੋਟਾਪੇ ਦੀ ਹਾਲਤ ਦੇ ਵਿੱਚ ਘੱਟ ਲਿਪਿਡ ਤੱਤ ਹੋਣ ਕਾਰਨ ਇਸ ਨੂੰ ਅਤਿਅੰਤ ਗੁਣਕਾਰੀ ਸਮਝਿਆ ਜਾਂਦਾ ਹੈ। ਆਯੁਰਵੈਦਿਕ ਦਵਾਈਆਂ ਅਤੇ ਇਲਾਜ ਦੇ ਵਿੱਚ ਇਸ ਦੀ ਭਰਪੂਰ ਵਰਤੋਂ ਹੁੰਦੀ ਹੈ। ਵੱਖ-ਵੱਖ ਖੋਜਾਂ ਦੇ ਅਨੁਸਾਰ ਇਸ ਵਿੱਚ 14 ਵੱਡੇ ਖੁਰਾਕੀ ਤੱਤ ਅਤੇ 21 ਲਘੂ ਖੁਰਾਕੀ ਤੱਤ ਪਾਏ ਜਾਂਦੇ ਹਨ। ਇਸਦੇ ਪੱਤਿਆਂ ਦੇ ਵਿੱਚ ਵੱਡੀ ਮਾਤਰਾ ਦੇ ਵਿੱਚ ਕੈਲਸ਼ੀਅਮ, ਲੋਹਾ, ਪੋਟਾਸ਼ੀਅਮ, ਮੈਗਨੀਸ਼ੀਅਮ ਅਤੇ ਫਾਸਫੋਰਸ ਪਾਇਆ ਜਾਂਦਾ ਹੈ। ਇਸ ਵਿਚ ਪਾਏ ਜਾਣ ਵਾਲੇ ਤੱਤ ਕੌਮਾਂਤਰੀ ਪੱਧਰ ਤੇ ਸਿਹਤ ਅਦਾਰੇ ਜਿਵੇਂ ਡਬਲਯੂ ਐਚ ਓ, ਯੂ ਐਨ ਓ ਵੱਲੋਂ ਛੋਟੇ ਬੱਚਿਆਂ ਲਈ ਨਿਰਧਾਰਤ ਤੱਤਾਂ ਤੋਂ ਵੀ ਵੱਧ ਹੁੰਦੇ ਹਨ। ਕੁਪੋਸ਼ਣ ਨੂੰ ਨਜਿੱਠਣ ਦੇ ਲਈ ਸੁਹਾਂਜਣਾ ਇਕ ਵੱਡਮੁੱਲਾ ਸਰੋਤ ਹੋ ਸਕਦਾ ਹੈ।



ਪੱਤਿਆਂ ਦਾ ਰਸ ਉੱਚ ਰਕਤ ਦਾਬ ਨੂੰ ਕਾਬੂ ਕਰਨ ਵਿੱਚ ਸਹਾਇਕ ਹੁੰਦਾ ਹੈ। ਹੈਜ਼ਾ ਅਤੇ ਭਗੰਦਰ ਦੀ ਬਿਮਾਰੀ ਵਿੱਚ ਵੀ ਇਹ ਰਸ ਕਾਫੀ ਲਾਭਦਾਇਕ ਹੁੰਦਾ ਹੈ। ਪੱਤਿਆਂ ਦਾ ਗੁੱਦਾ ਜਲਨ ਅਤੇ ਧੱਫੜਾਂ ਲਈ ਚੰਗਾ ਹੁੰਦਾ ਹੈ। ਖੋਜਾਂ ਅਨੁਸਾਰ ਇਹ ਵੀ ਦੇਖਿਆ ਗਿਆ ਹੈ ਕਿ ਇਸ ਦੇ ਪੱਤੇ ਕੈਂਸਰ ਅਤੇ ਸ਼ੱਕਰ ਰੋਗ ਦਾ ਮੁਕਾਬਲਾ ਕਰਨ ਦੇ ਵੀ ਸਮਰੱਥ ਹਨ। ਸੁਹਾਂਜਣਾਂ ਦੇ ਫੁੱਲ ਮੁੱਢ ਤੋਂ ਹੀ ਅੱਖਾਂ ਦੇ ਟਾਨਿਕ ਵਜੋਂ ਵਰਤੇ ਜਾਂਦੇ ਰਹੇ ਹਨ। ਇਸ ਤੋਂ ਇਲਾਵਾ ਖੰਘ, ਪਿੱਤੇ ਦੀ ਗਰਮੀ, ਸੋਜਸ਼ ਦੇ ਵਿੱਚ ਵੀ ਇਹ ਲਾਭਕਾਰੀ ਹੁੰਦੇ ਹਨ। ਫੁੱਲਾਂ ਅਤੇ ਜੜ੍ਹਾਂ ਦੇ ਵਿਚ ਕੁਦਰਤੀ ਤੌਰ ਤੇ ਐਂਟੀਬਾਇਓਟਿਕ ਗੁਣ ਹੁੰਦੇ ਹਨ ਜੋ ਕਿ ਹੈਜ਼ੇ ਦੇ ਲਈ ਲਾਭਕਾਰੀ ਹੁੰਦੇ ਹਨ। ਫਲੀਆਂ ਅਤੇ ਬੀਜਾਂ ਦੀ ਵਰਤੋਂ ਮਾਸਪੇਸ਼ੀਆਂ ਦੇ ਦਰਦ ਅਤੇ ਜ਼ਖਮ ਨੂੰ ਚੰਗਾ ਕਰਨ ਲਈ ਵੀ ਕੀਤੀ ਜਾਂਦੀ ਹੈ। ਬੀਜ ਦੇ ਪਾਊਡਰ ਦੀ ਵਰਤੋਂ ਜਿਗਰ ਅਤੇ ਗੁਰਦੇ ਤੋਂ ਆਰਸੈਨਿਕ ਨੂੰ ਘਟਾਉਣ ਲਈ ਕੀਤੀ ਜਾਂਦੀ ਹੈ। ਤਣਾ ਅਤੇ ਜੜਾਂ ਦੀ ਛਾਲ ਨੂੰ ਭੁੱਖ ਅਤੇ ਪਾਚਣ ਸ਼ਕਤੀ ਵਧਾਉਣ ਲਈ ਲਿਆ ਜਾਂਦਾ ਹੈ। ਇਸਦੇ ਗੂੰਦ ਦੇ ਤੇਲ ਨੂੰ ਤਿਲ ਨਾਲ ਮਿਲਾ ਕੇ, ਸਿਰਦਰਦ ਤੋਂ ਰਾਹਤ ਲਈ ਵਰਤਿਆ ਜਾਂਦਾ ਹੈ।

ਜੜ੍ਹਾਂ ਨੂੰ ਚੱਬਣ ਦੇ ਨਾਲ ਠੰਢ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕਦਾ ਹੈ। ਹੋਰ ਤਾਂ ਹੋਰ ਇਸ ਦੇ ਬੀਜਾਂ ਦਾ ਤੇਲ ਅਲਸਰ, ਕੰਨ ਦੀਆਂ ਬਿਮਾਰੀਆਂ, ਚਮੜੀ ਦੇ ਰੋਗਾਂ ਲਈ ਵੀ ਅਤਿ ਗੁਣਕਾਰੀ ਗਿਣਿਆ ਗਿਆ ਹੈ। ਹਾਲ ਹੀ ਵਿੱਚ, ਸੁਹਾਂਜਣਾ ਦੇ ਪੱਤੇ ਦੇ ਰੱਸ ਨੂੰ ਮੱਛੀ ਦੀ ਚਮੜੀ ਤੋਂ ਅਲੱਗ ਕੀਤੇ ਗਏ ਜੈਲੇਟਿਨ ਨਾਲ ਮਿਲਾ ਕੇ ਐਂਟੀਮਾਈਕ੍ਰਬਾਇਲ, ਐਂਟੀਆਕਸੀਡੇਟਿਵ ਅਤੇ ਬਾਇਓਡੀਗਰੇਡੇਬਲ ਪੈਕਿੰਗ ਸਮੱਗਰੀ ਦੇ ਉਤਪਾਦਨ ਲਈ ਵਰਤਿਆ ਗਿਆ ਹੈ। ਸੁਹਾਂਜਣਾ ਦੇ ਗੂੰਦ ਨੂੰ ਦਵਾਈਆਂ ਜਿਵੇਂ ਕਿ ਆਈਬੂਪ੍ਰੋਫਨ, ਮੈਲੋਕਸਿਕਮ ਅਤੇ ਫੇਲੋਡੀਪੀਨ ਦੇ ਉਤਪਾਦਨ ਲਈ ਵੀ ਵਰਤਿਆ ਜਾ ਸਕਦਾ ਹੈ।

# ਸਿਹਤ ਲਈ ਬੇਹੱਦ ਹਾਨੀਕਾਰਕ ਹਨ ਡੱਬਾਬੰਦ ਖਾਣਾ



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ. 96537-90000

ਜਿਉਂ-ਜਿਉਂ ਇਨਸਾਨ ਤਰੱਕੀ ਕਰਦਾ ਹੈ, ਉਸ ਦਾ ਰਹਿਣ-ਸਹਿਣ ਬਦਲ ਜਾਂਦਾ ਹੈ। ਅੱਜ ਇਕ ਨਵੀਂ ਸਮੱਸਿਆ, ਜੋ ਸਾਡੇ ਬਦਲਦੇ ਰਹਿਣ-ਸਹਿਣ ਨਾਲ ਆਈ ਹੈ, ਉਹ ਹੈ ਬਾਹਰ ਦੇ ਖਾਣੇ ਦੀ ਵਧਦੀ ਵਰਤੋਂ। ਇਸ ਵੇਲੇ ਮੈਂ ਗੱਲ ਕਰਦਾ ਹਾਂ ਪ੍ਰੋਸੈਸਡ ਫੂਡ ਦੀ, ਜਿਸ 'ਚ ਬੇਕਰੀ, ਜੰਕ ਫੂਡ, ਸੈਮੀ ਕੁੱਕਡ ਫੂਡ (ਅੱਧ ਪੱਕਿਆ ਖਾਣਾ), ਰੈਡੀ ਟੂ ਈਟ ਫੂਡ (ਪੱਕਿਆ ਪੱਕਾਇਆ) ਇਹ ਆਉਂਦੇ ਹਨ। ਕਹਿਣ ਦਾ ਭਾਵ ਕਿ ਜੂਸ ਤੋਂ ਲੈ ਕੇ ਸਟੋਰ 'ਤੇ ਪਈ ਬਰੈਡ ਤੱਕ ਇਨ੍ਹਾਂ ਨੂੰ ਖਾਣ ਨਾਲ ਸਾਡੀ ਸਿਹਤ ਉੱਤੇ ਕਈ ਤਰ੍ਹਾਂ ਦੇ ਮਾੜੇ ਅਸਰ ਪੈਂਦੇ ਹਨ, ਜਿਨ੍ਹਾਂ 'ਚ ਪ੍ਰਮੁੱਖ ਹਨ ਕੈਂਸਰ, ਮੋਟਾਪਾ, ਸ਼ੂਗਰ ਅਤੇ ਦਿਲ ਦੀ ਬਿਮਾਰੀ, ਜਿਸ ਕਰਕੇ ਛੋਟੀ ਉਮਰ 'ਚ ਹੀ ਮੌਤ ਹੋ ਜਾਂਦੀ ਹੈ। ਪਿਛਲੇ ਸਾਲ ਦੋ ਪ੍ਰਮੁੱਖ ਖੋਜਾਂ ਹੋਈਆਂ ਹਨ, ਇਕ ਅਮਰੀਕਾ 'ਚ ਅਤੇ ਦੂਜੀ ਇਟਲੀ 'ਚ। ਅਮਰੀਕਨ ਕੈਂਸਰ ਸੁਸਾਇਟੀ ਦੀ ਖੋਜ 31 ਅਗਸਤ, 2022 ਨੂੰ ਬ੍ਰਿਟਿਸ਼ ਮੈਡੀਕਲ ਜਰਨਲ 'ਚ ਛਪੀ ਹੈ, ਜਿਸ ਮੁਤਾਬਕ ਅਲਟਰਾ ਪ੍ਰੋਸੈਸਡ ਖਾਣਾ, ਜਿਵੇਂ ਹਾਟ-ਡਾਗ, ਬਰਗਰ, ਪੀਜ਼ਾ, ਚਿਪਸ ਆਦਿ ਆਦਮੀਆਂ ਵਿਚ ਕੋਲਨ ਅਤੇ ਰੈਕਟਲ ਕੈਂਸਰ ਦਾ ਜੋਖਮ ਵਧਾ ਦਿੰਦੇ ਹਨ। ਇਨ੍ਹਾਂ ਕਰਕੇ ਦੋਵਾਂ ਆਦਮੀਆਂ ਅਤੇ ਔਰਤਾਂ 'ਚ ਦਿਲ ਦੇ ਰੋਗ ਵਧਣ ਕਰਕੇ ਛੇਤੀ ਮੌਤ ਹੋ ਜਾਂਦੀ ਹੈ। ਇਸ 'ਚ ਇਟਲੀ ਦੀ ਟੀਮ ਨੇ ਲੱਭਿਆ ਕਿ ਫੂਡ ਪ੍ਰੋਸੈਸਿੰਗ ਨਾਲ ਖਾਣੇ ਦੀ ਪੌਸ਼ਟਿਕਤਾ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਮੌਤ ਦਰ ਵਧਦੀ ਹੈ। ਇਹ ਖੋਜ ਉਨ੍ਹਾਂ ਨੇ 22000 ਮਨੁੱਖਾਂ 'ਤੇ ਕੀਤੀ ਹੈ। ਕੁੱਲ ਮਿਲਾ ਕੇ ਇਹ ਕਿਹਾ ਕਿ ਪ੍ਰੋਸੈਸਡ ਫੂਡ ਨੂੰ ਲਗਾਤਾਰ ਖਾ ਕੇ ਕੋਲੋਟਰਲ ਕੈਂਸਰ ਹੋਣ ਦਾ ਖਤਰਾ 29 ਫੀਸਦੀ ਵੱਧ ਜਾਂਦਾ ਹੈ। ਇਸੇ ਤਰ੍ਹਾਂ ਦੀਆਂ ਅਨੇਕਾਂ ਰਿਪੋਰਟਾਂ ਤੁਹਾਨੂੰ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਤੋਂ ਮਿਲ ਜਾਂਦੀਆਂ ਹਨ, ਜੋ ਪ੍ਰੋਸੈਸਡ ਫੂਡ ਨੂੰ ਖਤਰੇ ਦੀ ਘੰਟੀ ਦੱਸਦੀਆਂ ਹਨ।

**ਪ੍ਰੀਜ਼ਰਵੇਟਿਵ** : ਡੱਬਾ ਬੰਦ ਖਾਣ ਵਾਲੀਆਂ ਚੀਜ਼ਾਂ ਨੂੰ ਜ਼ਿਆਦਾ ਸਮੇਂ ਤੱਕ ਖਰਾਬ ਹੋਣ ਤੋਂ ਬਚਾਉਣ ਲਈ ਉਨ੍ਹਾਂ 'ਚ ਅਲੱਗ-ਅਲੱਗ ਤਰ੍ਹਾਂ ਦੇ 'ਪ੍ਰੀਜ਼ਰਵੇਟਿਵ' ਪੈਂਦੇ ਹਨ। ਕੁਝ ਦਾ ਸਾਧਾਰਨ ਹੀ ਹਨ, ਜਿਸ ਤਰ੍ਹਾਂ ਨਮਕ, ਆਰਟੀਫੀਸ਼ੀਅਲ ਖੰਡ ਦੀ ਮਾਤਰਾ ਵਧਾ ਕੇ ਪਾਉਣਾ। ਨਮਕ ਨਾਲ ਸੋਡੀਅਮ ਪੋਟਾਸ਼ੀਅਮ ਵੱਧ ਗਿਆ, ਇਸ ਤੋਂ ਅੱਗੇ ਬ੍ਰੈਡ ਦੇ ਨਾਲ-ਨਾਲ ਜੋ ਚੀਜ਼ 'ਚ ਲਗਾਈ ਜਾਂਦੀ ਹੈ, ਉਸ ਦਾ ਸੋਡੀਅਮ ਦੀ ਨਾਲ ਜਮ੍ਹਾ ਹੋ ਜਾਂਦਾ ਹੈ। ਭਾਵ ਨਮਕ ਦੀ ਦੂਹਰੀ ਮਾਰ, ਜੋ ਕਿ ਬੀ.ਪੀ. ਅਤੇ ਦਿਲ ਵਾਸਤੇ ਠੀਕ ਨਹੀਂ। ਇਸੇ ਤਰ੍ਹਾਂ ਵਧੇ ਮਿੱਠੇ ਨਾਲ 'ਡਾਇਬਟੀਜ਼' (ਜਿਸ ਨੂੰ ਸ਼ੂਗਰ ਦੀ ਬਿਮਾਰੀ ਵੀ ਕਿਹਾ ਜਾਂਦਾ ਹੈ) ਹੋਣ ਦਾ ਖਤਰਾ ਹੈ। ਲਗਾਤਾਰ ਕਾਰਬੋਨੇਟਿਡ ਠੰਢੇ ਪੀਣ ਨਾਲ ਕੈਂਸਰ ਤੇ ਟਿਊਮਰ ਹੋਣ ਦਾ ਵੀ ਖਤਰਾ ਬਣ ਜਾਂਦਾ ਹੈ।



**ਬੇਕਰੀ** : ਬੇਕਰੀ ਵਿਚ ਬ੍ਰੈਡ, ਬਰਗਰ, ਪੀਜ਼ਾ, ਕੁਲਚੇ, ਹਾਟ-ਡਾਗ ਆਦਿ ਇਲਾਵਾ ਬਿਸਕੁੱਟ, ਨਮਕੀਨ, ਚਿਪਸ, ਚਾਕਲੇਟ ਆਉਂਦੇ ਹਨ। ਇਨ੍ਹਾਂ 'ਚ ਅੱਡ-ਅੱਡ ਤਰ੍ਹਾਂ ਦੇ ਪ੍ਰੀਜ਼ਰਵੇਟਿਵ ਦੇ ਨਾਲ-ਨਾਲ ਹੋਰ ਇਮਲਸੀਫਾਇਅਰ (Emulsifier), ਸਟੇਬਲਾਈਜ਼ਰ, ਆਰਟੀਫੀਸ਼ੀਅਲ ਫਲੇਵਰ (ਨਕਲੀ ਸੁਗੰਧ ਅਤੇ ਸਵਾਦ) ਵਰਗੇ ਪਦਾਰਥ ਆ ਜਾਂਦੇ ਹਨ। ਇਨ੍ਹਾਂ ਦੀ ਗੱਲ ਕਰਨੀ ਜ਼ਿਆਦਾ ਜ਼ਰੂਰੀ ਹੈ, ਕਿਉਂਕਿ ਇਹ ਸ਼ਹਿਰ ਹੋਵੇ ਜਾਂ ਪਿੰਡ ਹਰ ਘਰ 'ਚ ਰੋਜ਼ ਮਰਤਬਾ ਵਰਤੇ ਜਾਣ ਵਾਲੇ ਉਤਪਾਦ ਹਨ। ਇਸ 'ਚ ਬ੍ਰੈਡ ਦੀ ਹੀ ਗੱਲ ਕਰ ਲਈਏ ਤਾਂ ਅੱਜ ਬਹੁਤੇ ਲੋਕ ਚਿੱਟੀ ਬ੍ਰੈਡ ਲੈਂਦੇ ਹਨ। ਇਸ 'ਚ ਆਟਾ ਨਹੀਂ ਮੈਦਾ ਹੁੰਦਾ ਹੈ। ਇਸ ਤੋਂ ਬਾਅਦ ਬਰਾਊਨ ਬ੍ਰੈਡ ਆਉਂਦੀ ਹੈ, ਜਿਸ ਨੂੰ ਲੋਕ ਸਮਝਦੇ ਹਨ ਕਿ ਉਹ ਆਟਾ ਬ੍ਰੈਡ ਹੈ ਜਦਕਿ ਉਸ 'ਚ ਰੰਗ ਵੀ ਹੁੰਦਾ ਹੈ। ਇਸ ਤੋਂ ਇਲਾਵਾ ਆਟਾ ਬ੍ਰੈਡ ਹੈ। ਇਸ 'ਚ ਵੀ ਆਟਾ ਸਿਰਫ 53 ਫੀਸਦੀ ਅਤੇ ਇਨ੍ਹਾਂ ਸਭ 'ਚ ਉਪਰੋਂ ਕਣਕ ਵਾਲੇ ਗਲੂਟਿਨ ਤੋਂ ਇਲਾਵਾ ਗਲੂਟਿਨ ਹੋਰ ਪਾਇਆ ਜਾਂਦਾ ਹੈ। ਜਦੋਂ ਕਿ ਇਸ ਵੇਲੇ ਅਨਾਜ (ਮਿਲਟ) ਦੀ ਖੇਤੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਕਣਕ ਨੂੰ ਮਾੜੀ ਦੱਸ ਕੇ। ਪਰ ਪਹਿਲ ਦੇ ਆਧਾਰ 'ਤੇ ਮੋਟੇ ਅਨਾਜਾਂ ਨੂੰ ਵਰਤ ਕੇ ਜਿਹੜੀ ਬ੍ਰੈਡ ਬਣਾਈ ਗਈ ਅਤੇ ਨਾਂਅ ਦਿੱਤਾ 'ਮਿਲਟ ਬ੍ਰੈਡ' ਦਾ, ਉਸ 'ਚ ਕਣਕ ਦਾ ਆਟਾ 44 ਫੀਸਦੀ, ਰਾਗੀ ਆਟਾ 8.8 ਫੀਸਦੀ, ਬਾਜਰੇ ਦਾ ਆਟਾ 3.9 ਫੀਸਦੀ ਅਤੇ ਜਵਾਰ ਦਾ ਆਟਾ 1 ਫੀਸਦੀ ਹੈ। ਮਿਲਟ ਪੀਜ਼ਾ ਬੇਸ 'ਚ ਆਟਾ 45.5 ਫੀਸਦੀ ਹੈ। ਰਾਗੀ ਆਟਾ (ਫਿੰਗਰ ਮਿਲਟ) 10.1 ਫੀਸਦੀ, ਬਾਜਰਾ (ਪਰਲ ਮਿਲਟ) 2.5 ਫੀਸਦੀ ਅਤੇ ਜਵਾਰ 1 ਫੀਸਦੀ। ਇਸ 'ਚ ਸੋਚਣ ਵਾਲੀ ਗੱਲ ਇਹ ਹੈ ਕਿ ਕਣਕ ਨੂੰ ਗਲੂਟਿਨ ਕਰਕੇ ਮਾੜਾ ਕਿਹਾ ਜਾਂਦਾ ਹੈ। ਮਿਲਟ ਦੇ ਪਦਾਰਥ ਬਣਾਉਣ ਵੇਲੇ ਕਣਕ ਦੇ ਆਟੇ ਤੋਂ ਇਲਾਵਾ ਗਲੂਟਿਨ ਫੇਰ ਪਾਈ ਜਾਂਦੀ ਹੈ। ਕਈ ਲੋਕ ਕਣਕ ਦੀ ਰੋਟੀ ਨੂੰ ਮਾੜਾ ਕਹਿਣਗੇ ਪਰ ਕੀ 50 ਰੁਪਏ ਦੀ ਮਿਲਟ ਬ੍ਰੈਡ ਖਰੀਦ ਕਿ ਇਹ ਸਭ ਕੁਝ ਠੀਕ ਹੋ ਜਾਵੇਗਾ।

**ਸਾਫਟ ਡਰਿੰਕ (ਠੰਢਾ)** : ਅੱਜ ਮਲਟੀਨੈਸ਼ਨਲ ਕੰਪਨੀਆਂ ਦੇ ਬਣਾਏ ਹੋਏ ਠੰਢਿਆਂ ਨੇ ਲੋਕਾਂ ਦੇ ਘਰਾਂ 'ਚੋਂ ਪੁਰਾਤਨ ਠੰਢੇ ਜਿਵੇਂ ਸ਼ਿਕੰਜਵੀ, ਸੱਤੂ, ਕੱਚੀ ਲੱਸੀ (ਦੁੱਧ ਦੀ ਲੱਸੀ) ਵਰਗੇ ਠੰਢੇ ਖਤਮ ਕਰ ਦਿੱਤੇ ਹਨ। ਇਸ ਦੇ ਨਾਲ ਰੂਹਅਫਜ਼ਾ, ਰਸਨਾ, ਸੁਕੈਸ਼ ਬਾਜ਼ਾਰ 'ਚ ਆਏ, ਜਿਨ੍ਹਾਂ ਦਾ 10 ਤੋਂ 20 ਐਮ. ਐੱਲ ਪਾਓ ਬਾਕੀ ਪਾਣੀ ਪਾਓ ਅਤੇ ਪੀ ਲਓ। ਇਸ ਵੇਲੇ ਠੰਢਿਆਂ 'ਚ ਸਭ ਤੋਂ ਵੱਧ ਖਪਤ ਕੋਲਾਜ਼ ਦੀ ਹੈ। ਇਨ੍ਹਾਂ ਦੇ ਅਲੱਗ-ਅਲੱਗ ਸਵਾਦ ਹਨ। ਇਸ ਵੇਲੇ ਤਾਂ ਚਾਟੀ ਦੀ ਲੱਸੀ, ਨਿੰਬੂ ਪਾਣੀ, ਜਲਜ਼ੀਰਾ ਵੀ ਬੋਤਲਾਂ ਜਾਂ ਟੈਟਰਾ ਪੈਕ 'ਚ ਬੰਦ ਹੋ ਕੇ ਬਰੈਂਡਡ ਮਿਲਦਾ ਹੈ। ਇਨ੍ਹਾਂ 'ਚ 'ਪ੍ਰੀਜ਼ਰਵੇਟਿਵ' ਪਾਉਣ ਤੋਂ ਬਿਨਾਂ ਇਨ੍ਹਾਂ ਨੂੰ ਜ਼ਿਆਦਾ ਸਮੇਂ ਬਾਅਦ ਨਹੀਂ ਵਰਤਿਆ ਜਾ ਸਕਦਾ।

ਵਿਸ਼ਵ ਸਿਹਤ ਸੰਗਠਨ (ਡਬਲਿਊ. ਐੱਚ. ਓ.) ਨੇ ਕਿਹਾ ਹੈ ਕਿ ਇਨ੍ਹਾਂ ਕਾਰਬੋਨੇਟਿਡ ਠੰਢਿਆਂ (Diet Zero) ਵਿਚ ਆਰਟੀਫੀਸ਼ੀਅਲ ਮਿੱਠਾ ਪਾਇਆ ਜਾਂਦਾ ਹੈ। ਇਸ ਦਾ ਨਾਂਅ ਹੈ ਅਸਪਾਰਟਐਮ (Aspartame) ਇਸ ਦੇ ਵਪਾਰਕ ਨਾਂਅ ਹਨ ਇਕੂਅਲ ਨਿਊਟਰਸਵੇਟ ਕੈਂਡਰਲ ਅਤੇ ਸ਼ੂਗਰ ਟਵਿਟ ਏਸ ਦਾ ਐਡਿਟਿਵ ਨੰਬਰ ਹੈ 951, ਇਹ ਆਮ ਖੰਡ ਨਾਲੋਂ 200 ਗੁਣਾ ਮਿੱਠਾ ਹੈ। ਡਬਲਿਊ. ਐੱਚ. ਓ. ਅਨੁਸਾਰ ਇਸ ਦਾ ਸਿੱਧਾ ਅਸਰ ਲਿਵਰ (ਜਿਗਰ) 'ਤੇ ਦੇਖਣ ਨੂੰ ਮਿਲਿਆ ਹੈ, ਭਾਵ ਜਿਗਰ ਦਾ ਕੈਂਸਰ ਹੋਣ ਦਾ ਜੋਖਮ ਵਧ ਜਾਂਦਾ ਹੈ। ਇਸ ਵੇਲੇ ਇਹ ਸਮਝਣ ਦੀ ਲੋੜ ਹੈ ਕਈਆਂ 'ਤੇ ਤਾਂ ਇਸ ਦਾ ਨੰਬਰ ਲਿਖਿਆ ਹੈ, ਪਰ ਕਈ ਅਜਿਹੇ ਉਤਪਾਦ ਵੀ ਹਨ, ਜਿਨ੍ਹਾਂ 'ਤੇ 'ਸਵੀਟਨਰ' ਹੀ ਲਿਖਿਆ ਹੈ। ਹਾਲਾਂਕਿ ਇਸ ਨੂੰ ਬਣਾਉਣ ਵਾਲੇ ਇਹ ਕਹਿੰਦੇ ਨੇ ਜੇ 70 ਕਿਲੋ ਦਾ ਮਨੁੱਖ 5 ਲੀਟਰ ਇਕ ਦਿਨ 'ਚ ਪੀਊ ਤਾਂ ਇਹ ਹਾਨੀਕਾਰਕ ਹੈ। ਇਸ ਦੇ ਇਵਜ਼ 'ਚ ਡਬਲਿਊ. ਐੱਚ. ਓ. ਨੇ ਕਿਹਾ ਹੈ ਕਿ ਇਹ ਹੋਰ ਖਾਣੇ ਦੇ ਪਦਾਰਥਾਂ 'ਚ ਵੀ ਮੌਜੂਦ ਹੈ, ਜਿਸ ਦਾ ਸੇਵਨ ਲੋਕ ਆਮ ਤੌਰ 'ਤੇ ਕਰਦੇ ਹਨ। ਇਸ ਲਈ ਇਹ ਇਸ ਮਾਤਰਾ ਤੋਂ ਉੱਪਰ ਸਰੀਰ 'ਚ ਜਾਣ ਦੀ ਪੂਰੀ ਸੰਭਾਵਨਾ ਹੈ। ਜਿਹੜੀ ਚੀਜ਼ ਦਾ ਅਸਰ ਸਿਹਤ 'ਤੇ ਮਾੜਾ ਹੈ ਘੱਟ ਪੀਣ ਨਾਲ ਦੇਰ ਨਾਲ ਅਸਰ ਕਰ ਜਾਵੇਗਾ। ਇਸ ਤਰ੍ਹਾਂ ਇਕ 'ਬਲੈਕ ਪਾਣੀ' ਚੱਲਿਆ ਹੈ ਕਿ ਇਹ ਪਹਾੜਾਂ ਤੋਂ ਜੋ ਪੱਤਿਆਂ ਦਾ ਅਰਕ (ਰਸ) ਇਕੱਠਾ ਹੁੰਦਾ ਹੈ। ਇਸ ਪਾਣੀ 'ਚ ਵੀ 'ਸਵੀਟਨਰ' ਪਾਇਆ ਗਿਆ ਹੈ ਪਰ ਲੇਬਲ 'ਤੇ ਕੁਝ ਨਹੀਂ ਲਿਖਿਆ ਕਿ ਉਸ ਦਾ ਨੰਬਰ ਕੀ ਹੈ। ਇਸ ਦੀ 750 ਐਮ. ਐੱਲ. ਦੀ ਬੋਤਲ 55 ਰੁਪਏ ਵਿਚ ਮਿਲਦੀ ਹੈ। ਇਸ ਵੇਲੇ ਕਾਪਰ ਵਾਲਾ ਪਾਣੀ ਵੀ ਬਾਜ਼ਾਰ 'ਚ ਮਿਲਣ ਲੱਗ ਪਿਆ ਹੈ, ਜਿਸ 'ਚ ਕਾਪਰ ਸਲਫੇਟ (ਨੀਲਾ ਥੋਥਾ) (0.0004 1%)। ਜੂਸ 'ਚ ਕੁਦਰਤੀ ਸ਼ੂਗਰ (fructose) ਹੁੰਦੀ ਹੈ। ਉਹ ਵੀ ਜਦੋਂ ਇਕਦਮ ਸਰੀਰ 'ਚ ਜਾਂਦੀ ਹੈ ਤਾਂ ਕਈ ਵਾਰ ਵਾਧੂ ਹੋਣ ਕਰਕੇ ਵਰਤੀ ਨਹੀਂ ਜਾਂਦੀ ਅਤੇ ਫੈਟ ਦੇ ਰੂਪ 'ਚ ਸਰੀਰ 'ਚ ਜਮ੍ਹਾ ਹੋ ਜਾਂਦੀ ਹੈ। ਇਸ ਵੇਲੇ ਜਿਹੜੇ ਪੈਕਡ ਜੂਸ ਆ ਰਹੇ ਹਨ, ਇਨ੍ਹਾਂ 'ਚ ਕੁਦਰਤੀ ਸ਼ੂਗਰ ਦੇ ਨਾਲ ਅਸਪਾਰਟਮ ਪਾਈ ਜਾਂਦੀ ਹੈ, ਇਸ ਨੂੰ ਮਿੱਠਾ ਕਰਕੇ ਇਸ ਦਾ ਸਵਾਦ ਅਤੇ ਤਾਜ਼ਾ ਰੱਖਣ ਲਈ ਇਸ 'ਚ ਸੋਡੀਅਮ ਬੈਨਜ਼ੋਏਟ (Sodium Benzoate (211) ਬੈਨਜ਼ੋਇਕ ਏਸਿਡ, ਸਲਫਰ ਡਾਇਅਕਸਾਈਡ, ਸੋਰਬਿਕ ਸੋਡੀਅਮ ਕਾਰਬੋਕਸੀਮੀਥਾਈਲ ਸੇਲੂਲੋਸ (Benzoic acid, Sulpher dioxide, Sorbic acid, Sodium Carboxy-methhlcelulose (CMC) ਵਰਗੇ ਰਸਾਇਣ ਪਾਏ ਜਾਂਦੇ ਹਨ। ਇਸ 'ਚ ਘੋਖਣ ਵਾਲੀ ਗੱਲ ਹੈ ਕਿ ਸੋਡੀਅਮ ਬੈਨਜ਼ੋਏਟ ਬਦਲ ਜਾਂਦਾ ਹੈ ਬੈਨਜ਼ੀਨ (Benzene) ਵਿਚ, ਜੋ ਕੈਂਸਰ ਕਰ ਸਕਦਾ (Carcinogen) ਹੈ, ਭਾਵ ਇਹ ਵੀ ਕੈਂਸਰ ਵੱਲ ਇਸ਼ਾਰਾ ਕਰਦਾ ਹੈ। ਮਿਊਨੀਜ਼ ਅਤੇ ਐਮ. ਐਸ. ਜੀ. (ਮੋਨੋਸੋਡੀਅਮ ਗਲੂਟਾਮੇਟ :- ਇਹ ਤਕਰੀਬਨ ਸਾਰੇ ਜੰਕ ਫੂਡ ਜਿਵੇਂ, ਬਰਗਰ, ਪੀਜ਼ੇ, ਪਾਸਤਾ, ਸੈਂਡਵਿਚ ਆਦਿ ਦੇ ਨਾਲ-ਨਾਲ ਚਿਪਸ, ਸੂਪ ਫਾਸਟ-ਕੈਨਡ ਫੂਡ ਆਦਿ 'ਚ ਪੈਂਦੇ ਹਨ। ਮਿਊਨੀਜ਼ ਤਾਂ ਤਕਰੀਬਨ ਘਰਾਂ 'ਚ ਵੀ ਸੈਂਡਵਿਚ ਜਾਂ ਫਿਰ ਪਾਸਤਾ, ਪੀਜ਼ਾ ਆਦਿ ਬਣਾਉਣ ਲਈ ਵਰਤੇ ਜਾਂਦੇ ਹਨ, ਸਵਾਦ ਵਧਾਉਣ ਲਈ। ਇਸ 'ਚ ਸੈਚੂਰੇਟਡ ਫੈਟ ਹੋਣ ਕਾਰਨ ਇਹ ਕੋਲੈਸਟ੍ਰੋਲ ਵਧਾਉਂਦੀ ਹੈ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਲੱਗਣ ਦੀ ਸੰਭਾਵਨਾ ਵਧਦੀ ਹੈ। ਐਮ ਐਸ ਜੀ ਜਾਂ ਅਜੀਨੋ ਮੋਟੋ ਇਹ ਇਕ ਚੀਨੀ ਮਾਲਟ ਹੈ, ਜੋ ਸਵਾਦ ਵਧਾਉਂਦਾ ਹੈ ਅੱਜ ਇਹ ਇਕੱਲਾ ਬਾਹਰਲੇ ਖਾਣੇ 'ਚ ਹੀ ਨਹੀਂ, ਸਗੋਂ ਘਰ ਦੀ ਰਸੋਈ 'ਚ ਵੀ ਵੜ ਚੁੱਕਾ ਹੈ। ਇਸ ਦਾ ਸੇਵਨ ਦਿਮਾਗ ਦੇ ਖੁਸ਼ੀ ਵਾਲੇ ਹਿੱਸੇ (Pleasure Centre) ਨੂੰ ਉਤੇਜਿਤ ਕਰ ਦਿੰਦਾ, ਜਿਸ ਕਾਰਨ ਲੋਕਾਂ ਨੂੰ ਇਸ ਦੀ ਆਦਤ ਪੈ ਜਾਂਦੀ ਹੈ। ਪੁਰਾਣੇ ਜੰਕ ਫੂਡ ਯਾਨੀ ਸਮੋਸੇ, ਟਿੱਕੀ, ਭਟੂਰੇ, ਪੂਰੀ ਛੋਲੇ ਇਹ ਸਭ ਦੀ ਵੀ ਸ਼ਹਿਰਾਂ 'ਚ ਵਿਕਰੀ ਕਈ ਗੁਣਾ ਵੱਧ ਚੁੱਕੀ ਹੈ। ਇਸ 'ਚ ਕਦੇ ਨੋਟ ਕਰਕੇ ਦੇਖੋ ਕਿ ਜਿਸ ਤੇਲ 'ਚ ਤਲੇ ਜਾਂਦੇ ਹਨ, ਉਹ ਕਾਲਾ ਹੋਇਆ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਹ ਤੇਲ ਵਾਰੀ-ਵਾਰੀ ਗਰਮ ਹੋ ਕੇ ਕੜ੍ਹੀ ਜਾਂਦਾ ਹੈ। ਇਸ ਨਾਲ ਕਈ ਤਰ੍ਹਾਂ ਦੇ ਖਤਰਨਾਕ ਕੈਮੀਕਲ ਬਣਦੇ ਹਨ ਜਿਵੇਂ ਕਿ ਪਾਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ (Polycyclic aromatic hydrocarbons, PAH) ਜਿਨਾਂ 'ਚ ਕਈਆਂ ਨੂੰ Carcinogenic (ਕੈਂਸਰ ਕਰਨ ਵਾਲਾ) ਪਾਇਆ ਗਿਆ ਹੈ। ਇਸ ਦਾ ਮਤਲਬ ਕਿ ਇਹ ਕੈਂਸਰ ਪੈਦਾ ਕਰਦੇ ਹਨ। ਇਥੋਂ ਤੱਕ ਇਨ੍ਹਾਂ ਦੇ ਸੇਵਨ ਜਾਂ ਇਸ ਨੂੰ ਲਗਾਤਾਰ ਸੁੰਘਣ ਨਾਲ ਵੀ ਜੀਨੋਟਾਕਸਿਕ, ਮੁਟਾਜੀਨਿਕ ਅਤੇ ਰਸੌਲੀ ਜੀਨੋਟਾਕਸਿਕ, (Genotoxic, mutagenic, tumorogenic) ਆਦਿ ਕਈ ਤਰ੍ਹਾਂ ਦੇ ਕੈਂਸਰ ਬਣਦੇ ਹਨ।



ਇਸ ਤੋਂ ਵੱਧ ਕੀ ਦੇਖੀਏ ਕਿ ਚੌਲਾਂ ਨੂੰ ਜਦੋਂ ਪ੍ਰੋਸੈਸ ਭਾਵ ਪਾਲਿਸ਼ ਕੀਤਾ ਜਾਂਦਾ ਹੈ ਤਾਂ ਉਸ ਤੋਂ ਤਕਰੀਬਨ ਸਾਰੇ ਵਿਟਾਮਿਨ ਉਤਾਰ ਦਿਤੇ ਜਾਂਦੇ ਹਨ। ਫਿਰ ਆਰਟੀਫੀਸ਼ੀਅਲ ਵਿਟਾਮਿਨ ਉਸ 'ਚ ਪਾਏ ਜਾਂਦੇ ਹਨ। ਇਸ ਨੂੰ ਫੋਰਟੀਫਾਈਡ ਚੌਲ ਕਹਿੰਦੇ ਹਨ। ਇਸੇ ਤਰ੍ਹਾਂ ਹੁਣ ਕੌਫੀ ਅਤੇ ਚਾਹ ਜੋ ਪਹਿਲਾਂ ਚਾਹ ਦੇ ਬਾਗਾਂ ਵਿਚੋਂ ਆਉਂਦੀ ਸੀ, ਹੁਣ ਉਹ ਲੈਬ 'ਚ ਤਿਆਰ ਹੋਊਗੀ। ਅਮਰੀਕੀ ਕੰਪਨੀ ਅਟੋਮਾ ਮੋਲੀਕੂਲਰ (Atomo Molecuer) ਨੇ ਸਿੰਥੈਟਿਕ (Synthetic) ਕੌਫੀ ਬਣਾਈ ਹੈ, ਜਿਸ 'ਚ ਕੋਈ ਆਰਗੈਨਿਕ ਤਾਂ ਛੱਡੋ ਕੌਫੀ ਬੀਨਜ਼ ਵੀ ਨਹੀਂ ਵਰਤੇ ਜਾਣਗੇ। ਇਹ ਸਿੰਥੈਟਿਕ ਕੌਫੀ ਵੀ ਰੰਗ ਲਿਆਏਗੀ, ਇਸ ਬਾਰੇ ਤਾਂ ਅਜੇ ਕੁੱਝ ਨਹੀਂ ਕਿਹਾ ਜਾ ਸਕਦਾ।

ਪਹਿਲਾਂ ਹੀ ਸਿੰਥੈਟਿਕ ਦੁੱਧ ਨੇ ਡੇਅਰੀ ਦਾ ਧੰਦਾ ਖਤਮ ਕਰ ਦਿੱਤਾ ਹੈ। ਹੁਣ ਖੇਤੀ ਨੂੰ ਵੀ ਸਿੰਥੈਟਿਕ ਲੈਬ ਗਰੋਨ ਚੀਜ਼ਾਂ ਖਤਮ ਕਰਨਗੀਆਂ। ਹੈਰਾਨੀ ਦੀ ਗੱਲ ਹੈ ਕਿ ਪੜ੍ਹੇ-ਲਿਖੇ ਲੋਕ ਵੀ ਸਿਰਫ ਇਹ ਗੱਲ ਕਹਿੰਦੇ ਹਨ ਕਿ ਕਿਸਾਨ ਜ਼ਹਿਰਾਂ ਦੀ ਖੇਤੀ ਕਰਦੇ ਹਨ। ਗੱਲ ਇਹ ਹੈ ਕਿ ਉਹ ਖਾਦਾਂ ਅਤੇ ਕੀਟਨਾਸ਼ਕਾਂ ਜੋ ਮਾਹਿਰਾਂ ਵਲੋਂ ਸਿਫਾਰਸ਼ ਕੀਤੀਆਂ ਗਈਆਂ ਹਨ, ਹੀ ਪਾਉਂਦੇ ਹਨ। ਉਹ ਵੀ ਉਦੋਂ ਜਦੋਂ ਕੀੜਾ ਜਾਂ ਬਿਮਾਰੀ ਲੱਗੇ। ਜਿਸ ਤਰ੍ਹਾਂ ਪ੍ਰੋਸੈਸਡ ਖਾਣੇ ਦਾ ਕਾਰੋਬਾਰ ਕਰਨ ਵਾਲੇ ਕਹਿੰਦੇ ਹਨ ਕਿ ਉਹ ਮਨਜ਼ੂਰਸ਼ੁਦਾ ਪ੍ਰੀਜ਼ਰਵੇਟਿਵ, ਐਸਿਡ, ਰੰਗ ਜਾਂ ਹੋਰ ਸਾਮਾਨ ਵਰਤਦੇ ਹਨ। ਗੱਲ ਕਿ ਸਾਡਾ ਰਹਿਣ-ਸਹਿਣ ਬਦਲ ਚੁੱਕਾ ਹੈ। ਅਸੀਂ ਦਿਖਾਵਾ ਕਰਦੇ ਹਾਂ ਕੁਦਰਤੀ ਅਤੇ ਆਰਗੈਨਿਕ ਦਾ, ਪਰ ਅਸੀਂ ਕਿੰਨੇ ਡੰਗ ਘਰ ਦੀ ਰੋਟੀ ਖਾਂਦੇ ਹਾਂ ਅਤੇ ਵਿਚਾਲੇ ਹੋਰ ਕੋਈ ਸਨੈਕ ਨਹੀਂ ਖਾਂਦੇ। ਜਿੰਨੇ ਵੱਡੇ ਸ਼ਹਿਰ, ਬਾਹਰ ਦਾ ਖਾਣਾ-ਪੀਣਾ ਓਨਾ ਹੀ ਜ਼ਿਆਦਾ। ਦੂਜਾ ਹੈ ਦੋਵੇਂ ਜੀਅ ਨੌਕਰੀਆਂ ਕਰਦੇ ਹਨ, ਘਰ ਰੋਟੀ ਨਹੀਂ ਬਣਦੀ, ਬਾਹਰੋਂ ਹੀ ਆਉਂਦੀ ਹੈ, ਜਿਸ 'ਚ ਕੋਈ ਨਾ ਕੋਈ ਰਸਾਇਣ ਹੁੰਦਾ ਹੀ ਹੈ, ਜਿਸ ਤਰ੍ਹਾਂ ਬਾਹਰ ਦਾ ਖਾਣ-ਪੀਣ ਵਧਿਆ ਉਸੇ ਤਰ੍ਹਾਂ ਬਿਮਾਰੀਆਂ।

**ਨਿਚੋੜ** : ਇਸ ਗੱਲ ਦੀ ਘੋਖ ਕਰਨੀ ਬਣਦੀ ਹੈ ਕਿ ਵੱਧ ਰਹੀਆਂ ਬਿਮਾਰੀਆਂ ਲਈ ਕੌਣ ਜ਼ਿੰਮੇਵਾਰ ਹਨ। ਕਿਸਾਨ, ਪ੍ਰੋਸੈਸਡ ਫੂਡ ਇੰਡਸਟਰੀ, ਸਾਡੇ ਡਾਕਟਰ ਜੋ ਐਂਟੀਬਾਇਊਟਿਕ ਅਤੇ ਕਈ-ਕਈ ਦਵਾਈਆਂ ਦੇ ਮਿਸ਼ਰਣਾਂ ਦੀ ਸਿਫਾਰਿਸ਼ ਕਰਦੇ ਹਨ। ਮਿਊਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਜੋ ਗੰਦਾ ਪਾਣੀ ਦਰਿਆਵਾਂ 'ਚ ਪਾਈ ਜਾਂਦੇ ਹਨ, ਜੋ ਅੱਗੇ ਪੀਣ ਲਈ ਵਰਤਿਆ ਜਾਂਦਾ ਹੈ ਜਾਂ ਉਹ ਇੰਡਸਟਰੀ ਜੋ ਗੰਦਾ ਪਾਣੀ ਧਰਤੀ ਹੇਠਲੇ ਪਾਣੀ 'ਚ ਪਾ ਕੇ ਪਲੀਤ ਕਰੀ ਜਾਂਦੀ ਹੈ ਜਾਂ ਸਮੇਂ ਦੀਆਂ ਸਰਕਾਰਾਂ ਜਿਨ੍ਹਾਂ ਦੀ ਜ਼ਿੰਮੇਵਾਰੀ ਇਨ੍ਹਾਂ ਨੂੰ ਚੈੱਕ ਕਰਨ ਦੀ ਲੋਕ ਆਪ ਜਿਹੜੇ ਆਪਣੇ ਨਿੱਜੀ ਫਾਇਦੇ ਖਾਤਰ ਉਪਰੋਕਤ ਸਭ ਕੁੱਝ ਕਰਨ ਅਤੇ ਜਰਨ 'ਚ ਸਹਾਈ ਹੁੰਦੇ ਹਨ।



# ਗੁੜ-ਸ਼ੱਕਰ ਬਣਾਉਣ ਦੀ ਵਿਧੀ ਤੇ ਸੰਭਾਲ

**ਸੁਰਜੀਤ ਸਿੰਘ ਰਾਏ,**
**ਮੋਬਾ: 94171-27559**

ਗੁੜ ਸਾਡੀ ਜ਼ਿੰਦਗੀ ਦਾ ਜ਼ਰੂਰੀ ਤੇ ਅਹਿਮ ਭੋਜਨ ਹੈ ਜਿਸ ਵਿਚ ਬਹੁਤ ਸਾਰੇ ਖੁਰਾਕੀ ਤੱਤ ਮੌਜੂਦ ਹਨ ਜੋ ਸਾਡੇ ਸਰੀਰ ਲਈ ਲਾਭਦਾਇਕ ਹਨ।

**ਜ਼ਮੀਨ ਦੀ ਚੋਣ ਤੇ ਤਿਆਰੀ**

ਗੰਨੇ ਵਾਸਤੇ ਦਰਮਿਆਨੀ ਤੋਂ ਭਾਰੀ ਜ਼ਮੀਨ ਚਾਹੀਦੀ ਹੈ ਕਿਉਂਕਿ ਗੰਨੇ ਦੀ ਫਸਲ ਦੋ-ਤਿੰਨ ਸਾਲ ਗੰਨੇ ਦੇ ਫੁਟਾਰੇ ਮੁਤਾਬਿਕ ਰੱਖ ਸਕਦੇ ਹਾਂ। ਗੰਨੇ ਦੀ ਬਿਜਾਈ ਵਾਲੇ ਖੇਤ ਵਿਚ ਸਭ ਤੋਂ ਪਹਿਲਾਂ ਹਰੀ ਖਾਦ ਵਾਹੋ। ਫਿਰ ਉਸ ਖੇਤੀ ਵਿਚ ਛੇ ਤੋਂ ਅੱਠ ਟਰਾਲੀਆਂ ਪ੍ਰਤੀ ਏਕੜ ਦੇ ਹਿਸਾਬ ਨਾਲ ਪਸ਼ੂਆਂ ਦਾ ਗੋਬਰ ਪਾਓ ਤੇ ਜ਼ਮੀਨ ਨੂੰ ਵਾਹ ਕੇ ਸੁਹਾਗਾ ਮਾਰ ਕੇ ਚੰਗੀ ਤਰ੍ਹਾਂ ਬਾਰੀਕ ਕਰ ਲਓ।

**ਗੰਨੇ ਦੀ ਬਿਜਾਈ** : ਗੰਨੇ ਦੀ ਬਿਜਾਈ ਦਾ ਸਭ ਤੋਂ ਵਧੀਆ ਸਮਾਂ ਅੱਧ ਫਰਵਰੀ ਤੋਂ ਮਾਰਚ ਅਖੀਰ ਤੱਕ ਹੈ ਤੇ ਪਤਝੜ ਰੁੱਤ ਦਾ ਗੰਨਾ 20 ਸਤੰਬ ਰ ਤੋਂ 20 ਅਕਤੂਬਰ ਤੱਕ ਬੀਜਿਆ ਜਾ ਸਕਦਾ ਹੈ। ਪਲਾਂਟਰ ਨਾਲ ਖਾਲੀਆਂ ਬਣਾ ਕੇ ਉਨ੍ਹਾਂ ਵਿਚ ਗੰਨੇ ਦੇ ਬੀਜ ਨੂੰ ਬੀਜ ਅੰਮ੍ਰਿਤ ਵਿਚ ਸੋਧ ਕੇ ਬਿਜਾਈ ਕਰੋ ਬਿਜਾਈ ਤੋਂ ਬਾਅਦ ਖਾਲੀਆਂ ਨੂੰ ਬੰਦ ਕਰਕੇ ਪਾਣੀ ਲਗਾ ਦਿਓ। ਹਮੇਸ਼ਾਂ ਸਿਹਤਮੰਦ, ਬਿਮਾਰੀ ਰਹਿਤ ਗੰਨੇ ਦਾ ਬੀਜ ਪਾਓ ਅਤੇ ਸਮੇਂ ਸਿਰ ਗੰਨਾ ਬੀਜੋ ਤਾਂ ਕਿ ਵੱਧ ਤੋਂ ਵੱਧ ਝਾੜ ਪ੍ਰਾਪਤ ਕੀਤਾ ਜਾ ਸਕੇ। ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਹੀ ਬੀਜਣੀਆਂ ਚਾਹੀਦੀਆਂ ਹਨ।

**ਨਦੀਨ ਪ੍ਰਬੰਧਨ** : ਨਦੀਨਾਂ ਦੇ ਖਾਤਮੇ ਲਈ ਜੈਵਿਕ ਗੰਨੇ ਦੀ ਗੋਡੀ ਜਾਂ ਪਰਾਲੀ ਆਦਿ ਨਾਲ ਮਲਚਿੰਗ ਕਰਨੀ ਚਾਹੀਦੀ ਹੈ। ਮਲਚਿੰਗ ਕਰਨ ਨਾਲ ਪਾਣੀ ਦੀ ਬੱਚਤ ਵੀ ਹੁੰਦੀ ਹੈ ਕਿਉਂਕਿ ਖੇਤ ਵਿਚ ਨਮੀਂ ਦੀ ਮਾਤਰਾ ਜ਼ਿਆਦਾ ਸਕੇਂ ਤੱਕ ਬਣੀ ਰਹਿੰਦੀ ਹੈ।

ਵਧੀਆ ਗੁੜ ਸ਼ੱਕਰ ਬਣਾਉਣ ਵਾਸਤੇ ਗੰਨੇ ਦੀਆਂ ਕਿਸਮਾਂ : ਸੀ ਓ ਜੇ-64, ਸੀ ਓ ਜੇ-85, ਸੀ ਓ ਜੇ-88, ਸੀ ਓ ਪੀ ਬੀ-118, ਸੀ ਓ-15023 ਆਦਿ ਕਿਸਮਾਂ ਪੰਜਾਬ ਵਿਚ ਬੀਜੀਆਂ ਜਾ ਸਕਦੀਆਂ ਹਨ। ਇਨ੍ਹਾਂ ਕਿਸਮਾਂ ਦਾ ਗੁੜ ਸ਼ੱਕਰ ਵਧੀਆ ਬਣਦਾ ਹੈ।

**ਬਿਮਾਰੀਆਂ ਤੇ ਕੀੜੇ-ਮਕੌੜੇ**

ਮੁਰਝਾਉਣਾ ਜਾਂ ਸੋਕਾ, ਕਾਂਗਿਆਰੀ, ਸਿਉਂਕ, ਅਗੇਤੀ ਫੋਟ ਦਾ ਗੜੂੰਆਂ, ਰੱਤਾ ਰੋਗ ਆਦਿ ਬਿਮਾਰੀਆਂ ਲੱਗਦੀਆਂ ਹਨ। ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਜੈਵਿਕ ਤਰੀਕੇ ਨਾਲ ਬਚਣ ਲਈ ਨਿੰਮ ਜਾਤੀ ਦੇ ਬੂਟਿਆਂ ਦੇ ਪੱਤਿਆਂ ਤੋਂ ਘੋਲ ਤਿਆਰ ਕਰਕੇ ਉਸ ਦੀ ਸਪਰੇਅ ਕਰੋ। ਉੱਲੀ ਰੋਗ ਤੋਂ ਖੱਟੀ ਲੱਸੀ ਅਤੇ ਵਾਇਰਸ ਰੋਗ ਤੋਂ ਕੱਚਾ ਦੁੱਧ ਅਤੇ ਹਲਦੀ ਦੀ ਸਪਰੇਅ ਕਰਨੀ ਚਾਹੀਦੀ ਹੈ। ਗੰਨੇ ਦੀ ਫਸਲ ਨੂੰ ਡਿੱਗਣ ਤੋਂ ਬਚਾਉਣ ਲਈ ਗੰਨੇ ਦੀਆਂ ਲਾਈਨਾਂ ਦੇ ਨਾਲ ਨਾਲ ਮਈ ਜੂਨ ਵਿਚ ਮਿੱਟੀ ਝੜਾਓ ਤੇ ਅਗਸਤ ਸਤੰਬਰ ਮਹੀਨੇ ਗੰਨੇ ਨੂੰ ਬੰਨ੍ਹ ਦਿਓ।

**ਗੰਨਾ ਪੱਕਣ ਦਾ ਸਮਾਂ**

ਲਗਭਗ 15 ਨਵੰਬਰ ਤੋਂ ਬਾਅਦ ਗੰਨੇ ਵਿਚ ਗੁੜ ਸ਼ੱਕਰ ਬਣਾਉਣ ਵਾਸਤੇ ਲੋੜ ਮੁਤਾਬਿਕ ਮਿਠਾਸ ਆ ਜਾਂਦੀ ਹੈ। ਇਸ ਕਰਕੇ ਗੁੜ ਹਮੇਸ਼ਾਂ 15 ਨਵੰਬਰ ਤੋਂ ਬਾਅਦ ਹੀ ਬਣਾਉਣਾ ਸ਼ੁਰੂ ਕਰੋ। ਗੁੜ ਦੀ ਕੁਆਲਟੀ ਤੇ ਰਿਕਵਰੀ ਗੰਨੇ ਦੇ ਰਸ ਦੇ ਮਿੱਠੇਪਨ ਉੱਤੇ ਨਿਰਭਰ ਕਰਦੀ ਹੈ। ਜੇ ਗੰਨੇ ਦੇ ਰਸ ਵਿਚ 17 ਤੋਂ 20% (ਫੀਸਦੀ) ਮਿੱਠਾਪਨ ਹੈ ਤਾਂ ਵਧੀਆ ਗੁੜ ਬਣੇਗਾ। ਬਹੁਤ ਸਾਰੇ ਪ੍ਰਵਾਸੀ ਮਜ਼ਦੂਰ ਪੰਜਾਬ ਵਿਚ ਆ ਕੇ 15 ਅਕਤੂਬਰ ਦੇ ਆਸ ਪਾਸ ਹੀ ਗੁੜ ਬਣਾਉਣਾ ਸ਼ੁਰੂ ਕਰ ਦਿੰਦੇ ਹਨ। ਉਸ ਸਮੇਂ ਗੰਨੇ ਦੇ ਰਸ 'ਚ ਮਿੱਠਾਪਨ ਬਹੁਤ ਹੀ ਘੱਟ ਹੁੰਦਾ ਹੈ ਜਿਸ ਕਰਕੇ ਉਹ ਗੰਨੇ ਦੇ ਰਸ ਵਿਚ ਖੰਡ ਤੇ ਕੈਮੀਕਲ ਮਿਲਾ ਕੇ ਗੁੜ ਸ਼ੱਕਰ ਤਿਆਰ ਕਰਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ ਜੋ ਗਲਤ ਹੈ।

**ਗੁੜ ਬਣਾਉਣ ਦਾ ਤਰੀਕਾ**

ਇੱਕ ਕੁਇੰਟਲ ਗੰਨੇ ਵਿੱਚੋਂ ਲਗਭਗ 50-60 ਲੀਟਰ ਰਸ ਮਿਲੇਗਾ। ਉਸ ਵਿਚ ਸੁਖਲਾਈ, ਜੰਗਲੀ ਭਿੰਡੀ ਦੇ ਤਣੇ ਦਾ ਛਿਲਕਾ ਤੇ ਫਾਲਸਾ ਦਾ ਛਿਲਕਾ ਆਦਿ ਦਾ ਘੋਲ ਬਣਾ ਕੇ ਉਕਤ ਰਸ ਵਿਚ ਇਕ ਲਿਟਰ ਪਾਓ ਇਸ ਨਾਲ ਮੈਲ ਵਧੀਆ ਤਰੀਕੇ ਨਾਲ ਗੰਨੇ ਦੇ ਰਸ 'ਚੋਂ ਨਿਕਲ ਜਾਵੇਗੀ। ਸ਼ੱਕਰ ਬਣਾਉਣ ਲਈ ਗੰਨੇ ਦੇ ਰਸ ਨੂੰ 120-122 ਡਿਗਰੀ ਸੈਂਟੀਗਰੇਡ ਤਾਪਮਾਨ ਤੱਕ ਗਰਮ ਕਰਨਾ ਚਾਹੀਦਾ ਹੈ ਤੇ ਉਬਲਦੇ ਹੋਏ ਰਸ ਦਾ ਤਾਪਮਾਨ ਜਦੋਂ 114-116 ਡਿਗਰੀ ਸੈਂਟੀਗਰੇਡ ਹੋ ਜਾਂਦਾ ਹੈ ਤਾਂ ਸੰਘਣਾ ਰਸ ਗੁੜ ਬਣਾਉਣ ਲਈ ਪੱਕ ਕੇ ਤਿਆਰ ਹੋ ਜਾਂਦਾ ਹੈ ਤਾਂ ਉਸ ਤੋਂ ਬਾਅਦ ਉਸਨੂੰ ਕੜਾਹੇ ਵਿੱਚੋਂ ਕੱਢ ਕੇ ਲੋਹੇ ਜਾਂ ਲੱਕੜ ਦੇ ਗੰਡ (ਚੱਕ) ਵਿਚ ਕੱਢ ਲਓ ਅਤੇ ਰੰਬਾ (ਖੁਰਪਾ) ਨਾਲ ਉਸਨੂੰ ਚੰਡ ਲਓ ਭਾਵ ਕਿ ਉਸ ਨੂੰ 3 ਤੋਂ 5 ਮਿੰਟ ਹਿਲਾ ਲਓ ਉਸ ਤੋਂ ਬਾਅਦ ਭੇਲੀਆਂ (ਪੇਸੀਆਂ) ਜਾਂ ਟੁਕੜੀਆਂ ਬਣਾ ਲਓ। ਮੌਸਤ ਅਤੇ ਗੰਨੇ ਦੀ ਕਿਸਮ ਦੇ ਮੁਤਾਬਿਕ ਇਕ ਪੱਤ (60 ਲਿਟਰ ਗੰਨੇ ਦੇ ਰਸ) ਵਿੱਚੋਂ ਲਗਭਗ 12-14 ਕਿਲੋ ਗੁੜ ਪ੍ਰਾਪਤ ਹੋ ਜਾਂਦਾ ਹੈ। ਗੁੜ ਬਣਾਉਣ ਲਈ ਗੰਨੇ ਦੀ ਕਟਾਈ ਤੋਂ ਬਾਅਦ ਲਗਭਗ 48 ਘੰਟੇ ਦੇ ਵਿੱਚ-ਵਿੱਚ ਗੁੜ ਬਣਾ ਲੈਣਾ ਚਾਹੀਦਾ ਹੈ। ਨਹੀਂ ਤਾਂ ਗੁੜ ਦੀ ਕੁਆਲਿਟੀ 'ਤੇ ਘਟੀਆ ਅਸਰ ਪਵੇਗਾ।

**ਗੁੜ ਦੀ ਪੈਕਿੰਗ ਤੇ ਸਟੋਰ ਕਰਨਾ**

ਗੁੜ ਨੂੰ ਚੰਗੀ ਤਰ੍ਹਾਂ ਸੁਕਾ ਕੇ ਜਦੋਂ ਉਸ ਵਿੱਚ 5 ਤੋਂ 7 ਪ੍ਰਤੀਸ਼ਤ ਨਮੀਂ ਰਹਿ ਜਾਵੇ ਤਾਂ ਉਸਨੂੰ ਘਰੇਲੂ ਤੌਰ 'ਤੇ ਪਲਾਸਟਿਕ ਦੇ ਡਰੰਮ, ਲੋਹੇ ਦੇ ਡਰੰਮ, ਲੱਕੜ ਤੇ ਮਾਈਕਾ 0.7 ਐਮ ਐਮ ਅਤੇ 0.8 ਐਮ ਐਮ ਦੀਆਂ ਪੇਟੀਆਂ, ਮਿੱਟੀ ਦੇ ਪਕਾਏ ਹੋਏ ਬਰਤਨ, ਗੱਤੇ ਦੀਆਂ ਪੇਟੀਆਂ ਜਾਂ ਬੋਰੀਆਂ ਵਿਚ ਪਾ ਕੇ ਨਮੀਂ ਰਹਿਤ ਕਮਰੇ ਵਿਚ ਸਟੋਰ ਕਰ ਸਕਦੇ ਹਾਂ। ਗੁੜ ਬਣਾਉਣ ਦਾ ਸਹੀ ਢੰਗ ਅਤੇ ਇਸਦੀ ਕੁਆਲਟੀ ਨੂੰ ਬਚਾਈ ਰੱਖਣ ਲਈ ਇਸ ਦੀ ਸਹੀ ਪੈਕਿੰਗ ਅਤੇ ਇਸਨੂੰ ਸਟੋਰ ਕਰਨ ਦਾ ਤਰੀਕਾ ਸਹੀ ਹੋਣਾ ਚਾਹੀਦਾ ਹੈ ਤਾਂ ਕਿ ਇਸ ਨੂੰ ਨਮੀਂ, ਧੂੜ-ਮਿੱਟੀ, ਕੀੜੇ-ਮਕੌੜੇ ਆਦਿ ਤੋਂ ਬਚਾਇਆ ਜਾ ਸਕੇ।



ਇਸ ਲਈ ਗੁੜ ਦੀ ਲੰਬੇ ਸਮੇਂ ਤੱਕ ਸੁਰੱਖਿਅਤ ਰਹਿਣ ਦੀ ਸਮਰੱਥਾ ਗੁੜ੍ਹ ਦੀ ਨਮੀਂ, ਸਟੋਰ ਦਾ ਵਾਤਾਵਰਣ, ਤਾਪਮਾਨ ਅਤੇ ਸਿੱਲ ਉੱਤੇ ਨਿਰਭਰ ਕਰਦੀ ਹੈ। ਗੁੜ ਨੂੰ ਸਟੋਰ ਕਰਨ ਵਾਲਾ ਡਰੰਮ ਜਾਂ ਮਿੱਟੀ ਦੇ ਪਕਾਏ ਹੋਏ ਵੱਡੇ ਬਰਤਨਾਂ ਨੂੰ ਕੰਧ ਤੋਂ ਘੱਟੋ ਘੱਟ ਇੱਕ ਫੁੱਟ ਦੂਰ 'ਤੇ ਧਰਤੀ ਤੋਂ ਇੱਕ ਫੁੱਟ ਉੱਚਾ ਰੱਖਣਾ ਚਾਹੀਦਾ ਹੈ ਤਾਂ ਕਿ ਗੁੜ ਸ਼ੱਕਰ ਨੂੰ ਸਲਾਭ (ਸਿੱਲ) ਨਾ ਆ ਸਕੇ।

**ਗੁੜ ਦੇ ਫਾਇਦੇ**

ਗੁੜ ਵਿੱਚ ਕੈਲਸ਼ੀਅਮ, ਪੋਟੀਸ਼ੀਅਮ, ਮੈਗਨੀਸ਼ੀਅਮ, ਆਇਰਨ ਆਦਿ ਖੁਰਾਕੀ ਤੱਤ ਹੁੰਦੇ ਹਨ ਜੋ ਕਿ ਸਿਹਤ ਲਈ ਬਹੁਤ ਹੀ ਗੁਣਕਾਰੀ ਹੁੰਦੇ ਹਨ ਤੇ ਇਕੱਲਾ ਗੁੜ ਖਾਣ ਦੇ ਨਾਲ ਸਾਨੂੰ ਉੱਪਰ ਲਿਖੇ ਸਾਰੇ ਤੱਤ ਮਿਲਦੇ ਹਨ। ਇਸ ਕਰਕੇ ਹਰ ਮਨੁੱਖ ਨੂੰ ਖਾਣਾ ਖਾਣ ਤੋਂ ਬਾਅਦ ਲੋੜ ਮੁਤਾਬਕ ਗੁੜ ਜ਼ਰੂਰ ਖਾਣਾ ਚਾਹੀਦਾ ਹੈ ਜਿਸ ਨਾਲ ਸਾਡੀ ਪਾਚਨ ਸ਼ਕਤੀ ਨੂੰ ਵੀ ਤਾਕਤ ਮਿਲਦੀ ਹੈ। ਰੋਜ਼ਾਨਾ ਹੀ ਸਾਨੂੰ ਗੁੜ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਪੁਰਾਣੇ ਸਮੇਂ ਵਿੱਚ ਜਦੋਂ ਖੰਡ ਦੀ ਵਰਤੋਂ ਨਹੀਂ ਹੁੰਦੀ ਸੀ ਤਾਂ ਲੋਕ ਚਾਹ ਤੇ ਦੁੱਧ, ਪਿੰਨੀਆਂ 'ਚ ਗੁੜ ਸ਼ੱਕਰ ਹੀ ਪਾਉਂਦੇ ਸਨ ਜਿਸ ਕਰਕੇ ਸ਼ੂਗਰ ਵਰਗੀਆਂ ਭਿਆਨਕ ਬਿਮਾਰੀਆਂ ਨਹੀਂ ਸੀ। ਤਰਲ ਕੈਲਸ਼ੀਅਮ ਬਾਜ਼ਾਰ ਤੋਂ ਖਰੀਦ ਕੇ ਪਸ਼ੂਆਂ ਨੂੰ ਦੇਣ ਦੀ ਬਜਾਏ ਹਰ ਦਸ ਦਿਨ ਬਾਦ ਦੁਧਾਰੂ ਪਸ਼ੂ ਨੂੰ ਘੱਟੋ ਘੱਟ 150-200 ਗ੍ਰਾਮ ਗੁੜ ਤੇ ਛੋਟੇ ਪਸ਼ੂ ਨੂੰ 50-100 ਗ੍ਰਾਮ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਪਸ਼ੂਆਂ 'ਚ ਕੈਲਸ਼ੀਅਮ ਤੇ ਉੱਪਰ ਲਿਖੇ ਦੂਜੇ ਤੱਤਾਂ ਦੀ ਕਮੀਂ ਨਹੀਂ ਆਵੇਗੀ ਤੇ ਬਾਜ਼ਾਰੀ ਕੈਲਸ਼ੀਅਮ ਨਾਲੋਂ ਪਸ਼ੂਆਂ ਨੂੰ ਗੁੜ ਦੇਣਾ ਸਸਤਾ ਦੀ ਪਵੇਗਾ।

**ਕਿਸਾਨ ਵੀਰਾਂ ਨੂੰ ਬੇਨਤੀ**

ਗੰਨੇ ਤੋਂ ਇਕੱਲਾ ਗੁੜ ਸ਼ੱਕਰ ਹੀ ਨਹੀਂ ਮਿਲਦਾ ਸਗੋਂ ਪਸ਼ੂਆਂ ਲਈ ਹਰਾ ਚਾਰਾ ਵੀ ਮਿਲਦਾ ਹੈ ਅਤੇ ਗੰਨੇ ਦਾ ਰਸ ਕੱਢੇ ਹੋਏ ਫੋਟਕ (ਪੀੜ) ਨੂੰ ਸੁਕਾ ਕੇ ਉਸ ਨਾਲ ਅੱਗ ਬਾਲੀ ਜਾ ਸਕਦੀ ਹੈ। ਗੰਨੇ ਦੀ ਫਸਲ ਨੂੰ ਪਾਣੀ ਵੀ ਬਹੁਤ ਘੱਟ ਲੱਗਦਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਝੋਨੇ ਦੀ ਖੇਤੀ ਨੂੰ ਘਟਾ ਕੇ ਗੰਨੇ ਹੇਠ ਰਕਬਾ ਵਧਾ ਕੇ ਬਿਨ੍ਹਾਂ ਕੈਮੀਕਲ ਅਤੇ ਖਾਦਾਂ ਤੋਂ ਸ਼ੁੱਧ ਗੁੜ ਸ਼ੱਕਰ ਬਣਾ ਕੇ ਸਮਾਜ ਨੂੰ ਤੰਦਰੁਸਤੀ ਦਿੱਤੀ ਜਾਵੇ ਅਤੇ ਧਰਤੀ ਹੇਠਲਾ ਅਨਮੋਲ ਰਤਨ (ਵਡਮੁੱਲਾ ਪਾਣੀ) ਵੀ ਬਚਾਇਆ ਜਾ ਸਕੇ। ਸੋ ਆਓ ! ਖੇਤਾਂ 'ਚੋਂ ਜ਼ਹਿਰਾਂ ਭਜਾਈਏ, ਤੰਦਰੁਸਤੀ ਦਾ ਸਭ ਨੂੰ ਰਾਹ ਦਿਖਾਈਏ' ਜ਼ਹਿਰ ਮੁਕਤ ਸ਼ੁੱਧ ਗੁੜ ਸ਼ੱਕਰ ਬਣਾਈਏ, ਵਿਛੜੇ ਸਮਾਜ ਨੂੰ ਫਿਰ ਤੋਂ ਸ਼ੁੱਧ ਗੁੜ-ਸ਼ੱਕਰ ਨਾਲ ਮਿਲਾਈਏ।

# ਪਰਾਲੀ ਨੂੰ ਖੇਤ ਵਿੱਚ ਸੰਭਾਲਣ ਲਈ ਨਵੀਆਂ ਤਕਨੀਕਾਂ ਅਪਣਾਉਣ ਵਾਲਾ ਨੌਜਵਾਨ ਹਿੰਮਤੀ ਕਿਸਾਨ : ਹਰਸ਼ਦੀਪ ਸਿੰਘ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਝੋਨੇ ਦੀ ਫਸਲ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਲਈ ਕਈ ਤਕਨੀਕਾਂ ਸਿਫਾਰਸ਼ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਅਪਣਾ ਕੇ ਮੋਹਰੀ ਕਿਸਾਨ ਹੋਰਨਾਂ ਕਿਸਾਨਾਂ ਲਈ ਚਾਨਣ ਮੁਨਾਰਾ ਬਣ ਰਹੇ ਹਨ। ਅਜਿਹੇ ਹੀ ਇਕ ਕਿਸਾਨਾਂ 'ਚੋਂ ਇਕ ਨੌਜਵਾਨ ਕਿਸਾਨ ਹੈ ਸ: ਹਰਸ਼ਦੀਪ ਸਿੰਘ, ਪਿੰਡ ਦੁੱਗਾਂ, ਜ਼ਿਲ੍ਹਾ ਸੰਗਰੂਰ। ਹਰਸ਼ਦੀਪ ਸਿੰਘ ਐੱਲ ਐੱਲ ਬੀ ਦੇ ਆਖਰੀ ਸਾਲ ਦਾ ਵਿਦਿਆਰਥੀ ਹੈ। ਉਸ ਦਾ ਪਰਿਵਾਰ 24 ਏਕੜ ਵਿਚ ਖੇਤੀ ਕਰਦਾ ਹੈ, ਜਿਸ ਵਿੱਚੋਂ 13 ਏਕੜ ਉੱਤੇ ਉਹ ਆਪ ਖੇਤੀ ਕਰ ਰਹੇ ਹਨ ਅਤੇ ਬਾਕੀ ਰਕਬਾ ਠੇਕੇ ਉੱਤੇ ਦਿੱਤਾ ਹੋਇਆ ਹੈ। ਹਰਸ਼ਦੀਪ ਅਨੁਸਾਰ ਪਰਾਲੀ ਨੂੰ ਖੇਤ ਵਿਚ ਬਿਨ੍ਹਾਂ ਅੱਗ ਲਗਾਏ ਸੰਭਾਲਣ ਦਾ ਕੰਮ ਉਸ ਦੇ ਪਿਤਾ ਜੀ ਨੇ ਸ਼ੁਰੂ ਕੀਤਾ ਸੀ। ਪਹਿਲਾਂ ਉਹ ਸਾਰੀ ਪਰਾਲੀ ਨੂੰ ਤਵੀਆਂ ਮਾਰ ਕੇ ਖੇਤ ਵਿਚ ਮਿਲਾ ਦਿੰਦੇ ਸਨ ਅਤੇ ਫੇਰ ਖੇਤ ਤਿਆਰ ਕਰ ਕੇ ਕਣਕ ਦੀ ਬਿਜਾਈ ਕਰਦੇ ਸਨ। ਜਦੋਂ ਤੋਂ ਉਹ ਆਪ ਖੇਤੀ ਵਿਚ ਆਇਆ ਤਾਂ ਉਸ ਨੇ ਨਵੀਆਂ ਤਕਨੀਕਾਂ ਅਪਣਾ ਕੇ ਖੇਤੀ ਕਰਨੀ ਸ਼ੁਰੂ ਕੀਤੀ ਹੈ। ਸਾਲ 2018 ਵਿਚ ਉਹਨਾਂ ਨੇ ਸਬਸਿਡੀ ਸਕੀਮ ਅਧੀਨ ਨਵਾਂ ਹੈਪੀ ਸੀਡਰ ਖਰੀਦਿਆ ਅਤੇ 9 ਏਕੜ ਰਕਬੇ ਵਿਚ ਪਰਾਲੀ ਖਿਲਾਰ ਕੇ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕੀਤੀ। ਹੈਪੀ ਸੀਡਰ ਨਾਲ ਬੀਜੀ ਕਣਕ ਵਿਚ ਨਦੀਨ ਘੱਟ ਹੋਏ ਜਿਸ ਨਾਲ ਨਦੀਨ ਨਾਸ਼ਕ ਦਵਾਈਆਂ ਦੀ ਸਪਰੇਅ ਦਾ ਖਰਚਾ ਬਚਿਆ, ਕਣਕ ਡਿੱਗਣ ਦੀ ਸਮੱਸਿਆ ਨਹੀਂ ਆਈ ਅਤੇ ਝਾੜ ਵੀ ਅੱਗ ਲਗਾ ਕੇ ਅਤੇ ਖੇਤ ਵਾਹ ਕੇ ਬੀਜੀ ਜਾਂਦੀ ਕਣਕ ਦੇ ਬਰਾਬਰ ਰਿਹਾ। ਅਗਲੇ ਸਾਲ ਤੋਂ ਸਾਰਾ ਰਕਬਾ ਹੀ ਹੈਪੀ ਸੀਡਰ ਨਾਲ ਬੀਜਣਾ ਸ਼ੁਰੂ ਕਰ ਦਿੱਤਾ। ਸਾਲ 2021 ਅਤੇ 2022 ਵਿਚ ਕ੍ਰਮਵਾਰ 6 ਅਤੇ 4 ਏਕੜ ਰਕਬਾ ਸੁਪਰ ਸੀਡਰ ਨਾਲ ਬੀਜ ਕੇ ਦੇਖਿਆ। ਇਸ ਤਕਨੀਕ ਨਾਲ ਝਾੜ ਤੇ ਹੈਪੀ ਸੀਡਰ ਵਾਲੀ ਕਣਕ ਦੇ ਬਰਾਬਰ ਰਿਹਾ ਪਰ ਡੀਜ਼ਲ ਦੀ ਖਪਤ ਜ਼ਿਆਦਾ ਹੋਣ ਕਰਕੇ ਬਿਜਾਈ ਦਾ ਖਰਚਾ ਵੱਧ ਰਿਹਾ। ਸਾਲ 2023 ਵਿਚ ਉਸ ਨੇ ਨਵੀਂ ਤਕਨੀਕ ਪੀ ਏ ਯੂ ਸਮਾਰਟ ਸੀਡਰ ਨਾਲ 5.5 ਏਕੜ ਰਕਬੇ ਵਿਚ ਕਣਕ ਦੀ ਬਿਜਾਈ ਕੀਤੀ। ਇਸ ਤੋਂ ਇਲਾਵਾ 2 ਏਕੜ ਵਿਚ ਸੁਪਰ ਸੀਡਰ ਨਾਲ ਅਤੇ ਬਾਕੀ ਰਕਬੇ ਵਿਚ ਪਲਟਾਊ ਹੱਲ ਵਰਤ ਕੇ ਪਰਾਲੀ ਦੀ ਸੰਭਾਲ ਕੀਤੀ। ਹਰਸ਼ਦੀਪ ਦੱਸਦਾ ਹੈ ਕਿ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਨਵੀਆਂ ਤਕਨੀਕਾਂ ਅਪਣਾਉਣ ਦੇ ਨਾਲ-ਨਾਲ ਹੀ ਉਹ ਪਿਛਲੇ 8 ਸਾਲਾਂ ਤੋਂ 11 ਏਕੜ ਰਕਬੇ ਵਿਚ ਝੋਨੇ ਦੀ ਸਿੱਧੀ ਬਿਜਾਈ ਵੀ ਕਰ ਰਿਹਾ ਹੈ। ਜਿਸ ਨਾਲ ਲੇਬਰ ਅਤੇ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਸ਼ੁੱਧ ਮੁਨਾਫੇ ਵਿਚ ਵਾਧਾ ਹੁੰਦਾ ਹੈ। ਇਸ ਤਰ੍ਹਾਂ ਇਹ ਕਿਸਾਨ ਖੇਤੀ ਦੀਆਂ ਨਵੀਆਂ ਤਕਨੀਕਾਂ ਅਪਣਾ ਕੇ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ।

**ਸੁਨੀਲ ਕੁਮਾਰ ਅਤੇ ਮਨਦੀਪ ਸਿੰਘ, ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ (ਸੰਗਰੂਰ) ਮੋ. 88721-75800**



**ਕਮਲਇੰਦਰਜੀਤ ਸਿੰਘ ਬਾਜਵਾ,**
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

<u>ਜੱਗ ਬੀਤੀ ਕਵਿਤਾ</u>

# ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ, ਨਹੀਂ ਤਾਂ ਬੀ.ਪੀ. ਦਾ ਮਰੀਜ਼ ਹੋ ਜਾਏਂਗਾ

ਕਦੋਂ ਫਸਲਾਂ ਦੇ ਐਮ ਐਸ ਪੀ ਲੱਗਣ,
ਕਦੋਂ ਟੁੱਟੀਆਂ ਸੜਕਾਂ ਦੇ ਟੋਏ ਕੱਝਣ,
ਝੂਠੇ ਛੱਲ ਕੱਪਟ ਤੋਂ ਡਰਦੇ ਲੋਕ ਭੱਜਣ,
ਸੱਚ ਨਾ ਬੋਲ ਏਥੇ ਟੁੱਟਦੇ ਜਾਵਣ ਸੱਜਣ,
ਮਾੜੇ ਢਾਂਚੇ ਦੇਖ ਲੋਕ ਵਿਦੇਸ਼ੀ ਭੱਜਣ,
ਪੰਜ ਸਾਲੀ ਕੰਮ ਕਰਨ ਦੇ ਚੱਜ ਆਵਣ,
ਏਨੇ ਨੂੰ ਨਵੀਂ ਤੇ ਨਵੀਂ ਸਰਕਾਰ ਬਣ ਜਾਣ,
ਏਥੇ ਖੱਸਦੇ ਹਾਲ ਏਦਾਂ ਹੀ ਲੱਗਦੇ ਰਹਿਣ,
ਫਰਜ਼ ਫਿਕਸ ਨਾਲ ਨਾ ਪਛਾਣੇ ਕੋਈ,
ਪੀੜ੍ਹੀ ਦਰ ਪੀੜ੍ਹੀ ਬੇੜਾ ਗਰਕ ਕਰਦੇ ਜਾਣਾ,
ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ,
ਨਹੀਂ ਤਾਂ ਬੀ ਪੀ ਦਾ ਮਰੀਜ਼ ਹੋ ਜਾਣਾ ।

ਸਰਕਾਰੀ ਅਦਾਰੇ ਲੋਕ ਸੇਵਾ ਦੀ ਜਗ੍ਹਾ,
ਗੱਲੋਂ ਗੱਲੀਂ ਲੁੱਕ ਬੈਠ ਟਾਇਮ ਕੱਢਣ,
ਮਾੜੀ ਨੀਅਤ ਤੇ ਖਾਊ ਟੋਲਾ,
ਏਸੇ ਕੰਮ ਦਾ ਹੀ ਪੰਜਾਬ 'ਚ ਰੌਲਾ,
ਅੰਗਰੇਜ਼ਾਂ ਨੂੰ ਮੁੜਨ ਦੀ ਗੁਹਾਰ ਲਗਾਵਾਂ,
ਏਥੇ ਰੋਣਾ ਧੋਣਾ ਕਾਵਾਂ ਰੌਲੀ ਏਦਾਂ ਰਹਿਣੀ,
ਜਿਹੜਾ ਆਉਣ ਨਵਾਂ ਸਰਪੰਚ,
ਪਹਿਲਾਂ ਹੀ ਨਵਾਂ ਧੜਾ ਬਣਾ ਦਿਖਾਵੇ,
ਆਪਣੀ ਰੋਜ਼ੀ ਲਈ ਲੋਕ ਬਹਿਕਾਵੇ,
ਏਦਾਂ ਹੀ ਏਥੇ ਚੱਲਦੇ ਰਹਿਣੇ,
ਹਰ ਕੋਈ ਨਵੀਂ ਸੋਚ ਲੈ ਕੁਰਲਾਵੇ,
ਜ਼ਮੀਨੀ ਹਕੀਕਤ ਤੋਂ ਦੂਰ ਲੈ ਜਾਵੇ,
ਹਰ ਕੋਈ ਚੁੱਖ ਰਹਿਣ ਨੂੰ ਭੱਜਦਾ ਜਾਵੇ,
ਜ਼ਮੀਰ ਮਾਰ ਕੇ ਖਾਣ ਦਾ ਚੱਜ ਪਾਵੇਂ,
ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ,
ਨਹੀਂ ਤਾਂ ਬੀ ਪੀ ਦਾ ਮਰੀਜ਼ ਹੋ ਜਾਣਾ ।

ਹਰ ਸਾਲ ਇਲੈਕਸ਼ਨ ਦਾ ਬਿਗੁਲ ਏ ਵੱਜਦਾ,
ਫਜ਼ੂਲ ਖਰਚ ਕਰ ਦੇਸ਼ ਵਾਰੋਂ ਵਾਰੀ ਭੱਜਦਾ,
ਸਾਰੀਆਂ ਸਟੇਟਾਂ ਦਾ ਏਹੀ ਹੈ ਰੋਣਾ,
ਛੋਟੀ ਸੋਚਾਂ ਨਾਲ ਸਿਸਟਮ ਹੋਇਆ ਬੋਣਾਂ,
ਰਿੱਟ ਪਟੀਸ਼ਨ ਕੰਮ 10-15 ਸਾਲ ਚੱਲਦਾ,
ਪੜ੍ਹਿਆ ਲਿਖਿਆ ਦੇਖ ਚੁੱਖ ਹੈ ਬਹਿੰਦਾ,
ਅਨੁਪੜ੍ਹਤਾ ਦੇ ਨੇ ਕੁਰਸੀ ਤੇ ਬੋਲ ਬਾਲੇ,
ਚੰਗੇ ਨਾਲ ਨਾ ਕੋਈ ਤਾਲਮੇਲ ਸਾਜੇ,
ਲੱਗਦਾ ਸੌ ਸਾਲ ਤਰੱਕੀ ਦੇ ਹੋਰ ਭਾਲੇ,
ਏਥੇ ਚੋਰ ਨਾਲ ਰਲੀ ਹੈ ਦਿਨੇਂ ਕੁੱਤੀ,
ਨਵੀਂ ਸੋਚ ਨਵੀਂ ਖੋਜ ਵਾਲੀ ਬਾਤ ਸੁੱਤੀ,
ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ,
ਨਹੀਂ ਤਾਂ ਬੀ ਪੀ ਦਾ ਮਰੀਜ਼ ਹੋ ਜਾਣਾ ।

ਬੱਚੇ ਹੋਏ ਸਕਿਨ ਅਲਰਜ਼ੀ ਦੇ ਸ਼ਿਕਾਰ,
ਜ਼ਹਿਰ ਮੁਕਤ ਨ੍ਹੀ ਭੋਜਨ ਹੁੰਦਾ ਅੱਜ ਤਿਆਰ,
ਕਿਸੇ ਨੂੰ ਨਹੀਂ ਕੁਦਰਤ ਨਾਲ ਪਿਆਰ,
ਹਰ ਕੋਈ ਕਰਦਾ ਇਕ ਦੂਜੇ ਨਾਲ ਖਿਲਵਾੜ,
ਪਿੰਡ ਦੇ ਮੋੜਾਂ ਤੇ ਠੇਕੇ ਬੰਦ ਕੌਣ ਕਰਾਏ,
ਧਰਮ ਪ੍ਰਚਾਰ ਪਿੰਡਾਂ 'ਚ ਹੁਣ ਕੌਣ ਵਧਾਵੇ,
ਹਰ ਕੋਈ ਆਪਣੇ ਮਤਲਬ ਕੱਢਣ ਨੂੰ ਜਾਵੇ,
ਨਿੰਦਾ ਈਰਖਾ ਨਾਲ ਪਿਆਰ ਮੁੱਕਦਾ ਜਾਵੇ,
ਲੀਡਰ ਸਿਰੋਪਾ ਪਾ ਦਲ ਬਦਲਦਾ ਜਾਵੇ,
ਭ੍ਰਿਸ਼ਟ ਹੱਥ ਮਲਾਉਣ ਨੂੰ ਕਾਹਲਾ,
ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ,
ਨਹੀਂ ਤਾਂ ਬੀ ਪੀ ਦਾ ਮਰੀਜ਼ ਹੋ ਜਾਣਾ ।

ਕਦ ਪਿੰਡ ਬੈਠੇ ਰੋਜ਼ਗਾਰ ਹੈ ਮਿਲਣਾ,
ਆਟਾ ਦਾਲ ਬਿਜਲੀ ਫਰੀ ਦਾ ਗਹਿਣਾ,
ਕਦ ਬੇਰੁਜ਼ਗਾਰੀ ਭੱਤਿਆਂ ਵੱਲ ਜਾਣਾ,
ਰੋਜ਼ਗਾਰ ਛੱਡ ਏਹੀਂ ਸਕੀਮਾਂ ਤੱਕ ਰਹਿਣਾ,



ਨੀਲੇ ਕਾਰਡ ਦਾ ਟੈਗ ਗੇਟਾਂ ਤੇ ਕੱਦ ਲੱਗਣਾ,
ਸਭ ਦੇ ਸਾਹਮਣੇ ਕਦ ਲੋੜਵੰਦਾਂ ਨੂੰ ਲਿਆਉਣਾ,
ਪਾਰਦਰਸ਼ੀ ਨਾ ਬਣਨੇ ਕੰਮ ਕਾਜ ਏਥੇ,
ਵਿਦੇਸ਼ ਵਾਂਗ ਨ੍ਹੀ ਇਮਾਨਦਾਰ ਅਸੀਂ ਹੋਣਾ,
ਮਾੜੀ ਨੀਅਤ ਦਾ ਸ਼ਿਕਾਰ ਹੈ ਪੂਰਾ ਲਾਣਾਂ,
ਪੰਚਾਇਤ ਘਰ ਲਾਇਬ੍ਰੇਰੀ ਜੰਞ ਘਰ ਤੋਂ,
ਜਲ ਘਰ ਲਾਈਟਾਂ ਪਿੰਡ ਦੇ ਦੁਆਲੇ,
ਕੋਆਪਰੇਟਿਵ ਸੁਸਾਇਟੀ ਮੁੜ ਸੁਰਜੀਤ ਕਰਾਂ,
ਲੋਕ ਤੇ ਸ਼ਹਿਰ ਕੱਦ ਖੂਬਸੂਰਤ ਬਣਨੇ,
ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ,
ਨਹੀਂ ਤਾਂ ਬੀ ਪੀ ਦਾ ਮਰੀਜ਼ ਹੋ ਜਾਣਾ ।

ਬਾਜਵੇ ਫੇਸਬੁੱਕੀ ਨਾ ਵਿਦਵਾਨ ਬਣ,
ਕਿਸੇ ਨਹੀਂ ਜੱਗ ਬੀਤੀ ਸੁਣਾਉਣੀ,
ਏਥੇ ਚੋਰਾਂ ਠੱਗਾਂ ਦੇ ਨੇ ਤੱਕੜੇ ਟੋਲੇ,
ਸਾਧਾਂ ਨੇ ਆਪਣੇ ਸਿਆਸੀ ਰਾਗ ਖੋਲੇ,
ਰਲ ਮਿਲ ਸਭ ਅੰਦਰੀਂ ਬਾਤ ਪੁਗਾਉਂਦੇ,
ਹਰ ਇਕ ਅੜਿੱਕਾ ਡਾਉਣ ਨੂੰ ਕਾਹਲਾ,
ਆਪ ਕੰਮ ਛੱਡ ਦੂਜੇ ਨੂੰ ਫਸਾਉਣ ਬਾਹਲਾ,
ਆਇਆ ਨਵਾਂ ਪੰਜਾਬੀ ਇਨਕਲਾਬ ਜੋ,
ਲੱਗਦਾ ਸੋਸ਼ਲ ਮੀਡੀਆ ਤੱਕ ਰਹਿ ਜਾਣਾ,
ਲੋਕਾਂ ਟੈੱਟ ਪਾਸ ਕਰ ਕਰ ਘਰੇਂ ਬਹਿਣਾਂ,
ਟੈੱਟ ਮਗਰ ਹਰ ਕਿਸੇ ਦੌੜਾਂ ਲਾਉਂਦੇ ਰਹਿਣਾ,
ਏਦਾਂ ਖੇਡਾਂ ਕਰਦੇ ਸਭ ਨੂੰ ਮੂਰਖ ਬਣਾਉਣਾ,
ਲੇਖ ਕਵਿਤਾ ਜ਼ਰੀਏ ਅਸਾਂ ਰਹਿੰਦੇ ਸਮਝਾਉਣਾ,
ਬਹੁਤਾ ਸੋਚ ਨਾ ਯਾਰਾ ਪੰਜਾਬ ਬਾਰੇ,
ਨਹੀਂ ਤਾਂ ਬੀ ਪੀ ਦਾ ਮਰੀਜ਼ ਹੋ ਜਾਣਾ ।

# ਇਹ ਹੈ ਭਾਰਤ ਦਾ ਸਭ ਤੋਂ 'ਸਾਫ-ਸੁਥਰਾ ਪਿੰਡ'

ਭਾਰਤ ਦੇ ਉੱਤਰ-ਪੂਰਵੀ ਸੂਬੇ ਮੇਘਾਲਯ ਦਾ ਮਾਵਲਿਨਨਾਂਗ ਪਿੰਡ ਆਪਣੀ ਸ਼ਾਨਦਾਰ ਸਾਫ-ਸਫਾਈ ਲਈ ਦੁਨੀਆਂ ਭਰ 'ਚ ਜਾਣਿਆ ਜਾਂਦਾ ਹੈ । ਇਹ ਆਦਿਵਾਸੀ ਪਿੰਡ ਸ਼ਿਲਾਂਘ ਤੋਂ ਕਰੀਬ 90 ਕਿ.ਮੀ. ਦੱਖਣ 'ਚ ਹੈ । 2003 'ਚ, ਸਥਾਨਕ ਭਾਈਚਾਰ ਅਤੇ ਸਰਕਾਰ ਦੇ ਵਾਤਾਵਰਣ ਅਤੇ ਸੈਰ-ਸਪਾਟੇ ਉਤਸ਼ਾਹਿਤ ਕਰਨ ਦਾ ਯਤਨਾਂ ਸਦਕਾ ਮਾਵਲਿਨਨਾਂਗ ਨੂੰ ਏਸ਼ੀਆ ਦੇ ਸਭ ਤੋਂ ਸਾਫ ਪਿੰਡ ਦਾ ਇਨਾਮ ਦਿੱਤਾ ਗਿਆ ਸੀ ।



ਇੱਥੇ ਲੋਕ ਘਰ 'ਚੋਂ ਨਿਕਲਣ ਵਾਲੇ ਕੂੜੇ-ਕਚਰੇ ਨੂੰ ਬਾਂਸ ਨਾਲ ਬਣੇ ਡਸਟਬਿਨ 'ਚ ਇਕੱਠਾ ਕਰਦੇ ਹਨ ਅਤੇ ਉਸ ਨੂੰ ਇਕ ਇਸ ਤਰ੍ਹਾਂ ਦੀ ਥਾਂ 'ਤੇ ਇਕੱਠਾ ਕਰਕੇ ਖੇਤੀ ਲਈ ਖਾਦ ਦੀ ਤਰ੍ਹਾਂ ਇਸਤੇਮਾਲ ਕਰਦੇ ਹਨ । ਪੂਰੇ ਪਿੰਡ 'ਚ ਹਰ ਥਾਂ ਕੂੜਾ ਪਾਉਣ ਲਈ ਅਜਿਹੇ ਹੀ ਬਾਂਸ ਦੇ ਡਸਟਬਿਨ ਲੱਗੇ ਹਨ ।

ਇਸ ਪਿੰਡ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਥੇ ਦੀ ਸਾਰੀ ਸਫਾਈ ਪਿੰਡ ਵਾਸੀ ਆਪ ਹੀ ਕਰਦੇ ਹਨ, ਸਫਾਈ ਵਿਵਸਥਾ ਲਈ ਉਹ ਕਿਸੇ ਵੀ ਤਰ੍ਹਾਂ ਪ੍ਰਸ਼ਾਸਨ 'ਤੇ ਨਿਰਭਰ ਨਹੀਂ ਹਨ । ਇਸ ਪੂਰੇ ਪਿੰਡ 'ਚ ਥਾਂ-ਥਾਂ ਬਾਂਸ ਦੇ ਬਣੇ ਡਸਟਬਿਨ ਲੱਗੇ ਹਨ । ਕਿਸੇ ਵੀ ਪਿੰਡ ਵਾਸੀ ਨੂੰ, ਉਹ ਚਾਹੇ ਔਰਤ ਹੋਵੇ, ਮਰਦ ਹੋਵੇ ਜਾਂ ਬੱਚੇ ਹੋਣ, ਜਿੱਥੇ ਗੰਦਗੀ ਨਜ਼ਰ ਆਉਂਦੀ ਹੈ, ਸਫਾਈ 'ਤੇ ਲੱਗ ਜਾਂਦੇ ਹਨ ਫਿਰ ਚਾਹੇ ਉਹ ਸਵੇਰੇ ਦਾ ਵਕਤ ਹੋਵੇ, ਦੁਪਹਿਰ ਦਾ ਜਾਂ ਸ਼ਾਮ ਦਾ ।

ਸਫਾਈ ਪ੍ਰਤੀ ਜਾਗਰੂਕਤਾ ਦਾ ਅੰਦਾਜ਼ਾ ਤੁਸੀਂ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਜੇਕਰ ਸੜਕ 'ਤੇ ਚਲਦੇ ਹੋਏ ਕਿਸੇ ਪਿੰਡ ਵਾਸੀ ਨੂੰ ਕੋਈ ਕਚਰਾ ਨਜ਼ਰ ਆਉਂਦਾ ਹੈ ਤਾਂ ਉਹ ਰੁਕ ਕੇ ਪਹਿਲਾਂ ਉਸ ਨੂੰ ਚੁੱਕ ਕੇ ਡਸਟਬਿਨ 'ਚ ਪਾਵੇਗਾ, ਫਿਰ ਅੱਗੇ ਜਾਏਗਾ । ਇਹੀ ਆਦਤ ਇਸ ਪਿੰਡ ਨੂੰ ਬਾਕੀ ਭਾਰਤ ਨਾਲੋਂ ਵੱਖਰਾ ਕਰਦੀ ਹੈ, ਜਿੱਥੇ ਅਸੀਂ ਹਰ ਗੱਲ ਲਈ ਪ੍ਰਸ਼ਾਸਨ 'ਤੇ ਨਿਰਭਰ ਰਹਿੰਦੇ ਹਾਂ, ਖੁਦ ਕੋਈ ਪਹਿਲ ਨਹੀਂ ਕਰਦੇ ।

ਜਿਸ ਤਰ੍ਹਾਂ ਕਸ਼ਮੀਰ ਬਾਰੇ ਕਿਹਾ ਜਾਂਦਾ ਹੈ ਕਿ ਧਰਤੀ 'ਤੇ ਜੇਕਰ ਕਿਤੇ ਸਵਰਗ ਹੈ ਤਾਂ ਉਹ ਬਸ ਇਥੇ ਹੀ ਹੈ, ਉਸੇ ਤਰ੍ਹਾਂ ਮੇਘਾਲਯ 'ਚ ਇਸ ਪਿੰਡ ਬਾਰੇ ਕਿਹਾ ਜਾਂਦਾ ਕਿ ਉਹ 'ਗੌਡਸ ਓਨ ਗਾਰਡਨ' ਭਾਵ ਭਗਵਾਨ ਦਾ ਆਪਣਾ ਬਗੀਚਾ ਹੈ ।

ਇਸ ਪਿੰਡ ਨੂੰ ਦੇਖ ਤੁਸੀਂ ਵੀ ਹੈਰਾਨ ਰਹਿ ਜਾਓਗੇ ਅਤੇ ਲੱਗੇਗਾ ਕਿ ਯਕੀਨਨ ਇਹ ਧਰਤੀ 'ਤੇ ਕਿਸੇ ਅਜੂਬੇ ਤੋਂ ਘੱਟ ਨਹੀਂ ਹੈ । ਜਿੱਥੇ ਸਫਾਈ ਹੁੰਦੀ ਹੈ, ਭਗਵਾਨ ਵੀ ਉੱਥੇ ਹੀ ਵਿਰਾਜਦੇ ਹਨ ਅਤੇ ਸ਼ਾਇਦ ਇਸੇ ਕਾਰਨ ਇਸ ਪਿੰਡ ਨੂੰ ਭਗਵਾਨ ਦਾ ਬਗੀਚਾ ਦੇ ਨਾਂ ਨਾਲ ਪ੍ਰਸਿੱਧੀ ਮਿਲੀ ਹੋਈ ਹੈ ।

**ਮੁੱਖ ਆਕਰਸ਼ਣ**

ਇਸ ਪਿੰਡ ਦੀ ਖੂਬਸੂਰਤੀ ਨੂੰ ਤੱਕਣ ਲਈ ਤੁਸੀਂ ਬਕਾਇਦਾ ਟੂਰ ਪੈਕੇਜ ਬੁੱਕ ਕਰਾ ਸਕਦੇ ਹੋ ਜਾਂ ਫਿਰ ਦੋਸਤਾਂ ਨਾਲ ਪਲਾਨ ਬਣਾ ਸਕਦੇ ਹੋ । ਇਸ ਪਿੰਡ 'ਚ ਕਾਫੀ ਸਾਰੀਆਂ ਚੀਜ਼ਾਂ ਦੇਖਣਯੋਗ ਹਨ ।

ਪਿੰਡ ਦੇ ਪ੍ਰਮੁੱਖ ਆਕਰਸ਼ਣਾਂ 'ਚ ਇਕ ਲਿਵਿੰਗ ਰੂਟਸ ਬ੍ਰਿਜ ਹੈ, ਜਿਸ ਨੂੰ ਆਲੇ-ਦੁਆਲੇ ਦੇ ਰੁੱਖਾਂ ਦੀਆਂ ਜੜ੍ਹਾਂ ਨਾਲ ਬਣਾਇਆ ਗਿਆ ਸੀ ਅਤੇ ਕਿਹਾ ਜਾਂਦਾ ਹੈ ਕਿ ਇਹ 1000 ਸਾਲ ਤੋਂ ਵੱਧ ਪੁਰਾਣਾ ਹੈ । ਲਿਵਿੰਗ ਰੂਟਸ ਬ੍ਰਿਜ ਨੂੰ ਯੂਨੈਸਕੋ ਦਾ ਵਿਸ਼ਵ ਵਿਰਾਸਤੀ ਸਥਾਨ ਐਲਾਨਿਆ ਜਾ ਚੁੱਕਾ ਹੈ । ਨਦੀ ਦੇ ਉੱਪਰ ਲਟਕਦੇ ਇਹ ਪੁਲ ਰਬੜ ਦੇ ਰੁੱਖਾਂ ਤੋਂ ਲਟਕਦੀਆਂ ਜੜ੍ਹਾਂ ਨਾਲ ਬਣੇ ਹਨ, ਜੋ ਕਿ ਦੂਜੇ ਰੁੱਖਾਂ ਦੀਆਂ ਜੜ੍ਹਾਂ ਨਾਲ ਜੁੜੇ ਹਨ ।

ਇਥੇ ਦਾ ਵਾਟਰਫਾਲ ਵੀ ਬੇਜੋੜ ਹੈ, ਜਿੱਥੇ ਤੁਸੀਂ ਆਪਣੇ ਦੋਸਤਾਂ ਨਾਲ ਇਕ ਛੋਟੀ ਜਿਹੀ ਪਿਕਨਿਕ ਵੀ ਪਲਾਟ ਕਰ ਸਕਦੇ ਹੋ । ਇਹ ਵਾਟਰਫਾਲ ਪਿੰਡ ਦੇ ਨਾਂ ਭਾਵ ਮਾਵਲਿਨਨਾਂਗ ਦੇ ਨਾਂ ਨਾਲ ਹੀ ਮਸ਼ਹੂਰ ਹੈ । ਪਿੰਡ ਦਾ ਲੈਂਡਮਾਰਕ ਹੈ ਏਪੀਫਨੀ ਦੀ ਚਰਚ, ਜੋ ਕਿ 100 ਸਾਲ ਪੁਰਾਣੀ ਹੈ ਪਰ ਅੱਜ ਵੀ ਇਸ ਦਾ ਚਾਰਮ ਅਤੇ ਖੂਬਸੂਰਤੀ ਪਹਿਲਾਂ ਵਰਗੀ ਹੀ ਹੈ ।

**ਸਿੱਖਿਆ 'ਚ ਵੀ ਅੱਵਲ**

ਸਫਾਈ ਦੇ ਨਾਲ-ਨਾਲ ਇਹ ਪਿੰਡ ਸਿੱਖਿਆ 'ਚ ਵੀ ਅੱਵਲ ਹੈ । ਇਥੋਂ ਦੀ ਸਾਖਰਤਾ ਦਰ 100 ਫੀਸਦੀ ਹੈ, ਭਾਵ ਇਥੇ ਦੇ ਸਾਰੇ ਲੋਕ ਪੜ੍ਹੇ-ਲਿਖੇ ਹਨ । ਇੰਨਾ ਹੀ ਨਹੀਂ, ਇਸ ਪਿੰਡ 'ਚ ਜ਼ਿਆਦਾਤਰ ਲੋਕ ਸਿਰਫ ਅੰਗਰੇਜ਼ੀ 'ਚ ਹੀ ਗੱਲ ਕਰਦੇ ਹਨ ।

ਇੱਥੇ 95 ਪਰਿਵਾਰ ਰਹਿੰਦੇ ਹਨ ਤੇ ਰੋਜ਼ੀ-ਰੋਟੀ ਲਈ ਉਹ ਮੁੱਖ ਤੌਰ 'ਤੇ ਸੁਪਾਰੀ ਦੀ ਖੇਤੀ 'ਤੇ ਨਿਰਭਰ ਹਨ ।

**ਅਨੋਖੇ ਪੱਥਰ**

ਇਸ ਪਿੰਡ ਦੇ ਆਲੇ-ਦੁਆਲੇ ਟੂਰਿਸਟ ਲਈ ਹੋਰ ਅਮੇਜ਼ਿੰਗ ਸਪਾਟ 'ਚ ਬੈਲੇਸਿੰਗ ਰੌਕਸ ਸ਼ਾਮਲ ਹਨ । ਇਸ ਤੋਂ ਇਲਾਵਾ ਜੋ ਇਕ ਹੋਰ ਬਹੁਤ ਫੇਮਸ ਟੂਰਿਸਟ ਅਟ੍ਰੈਕਸ਼ਨ ਹੈ, ਉਹ ਹੈ 80 ਫੁੱਟ ਉੱਚੀ ਮਚਾਨ 'ਤੇ ਬੈਠ ਕੇ ਸ਼ਿਲਾਂਗ ਦੀ ਕੁਦਰਤੀ ਸੁੰਦਰਤਾ ਨੂੰ ਨਿਹਾਰਨਾ ।

ਤੁਸੀਂ ਇਸ ਪਿੰਡ 'ਚ ਘੁੰਮਣ ਦਾ ਆਨੰਦ ਲੈ ਸਕਦੇ ਹੋ ਪਰ ਤੁਸੀਂ ਇਹ ਧਿਆਨ ਰੱਖੋ ਕਿ ਤੁਹਾਡੇ ਵੱਲੋਂ ਉੱਥੇ ਦੀ ਸੁੰਦਰਤਾ ਕਿਸੇ ਤਰ੍ਹਾਂ ਖਰਾਬ ਨਾ ਹੋਵੇ ।

ਪਿੰਡ 'ਚ ਆਉਣ ਵਾਲੇ ਸੈਲਾਨੀਆਂ ਲਈ ਪਾਣੀ ਜਾਂ ਚਾਹ ਆਦਿ ਲਈ ਠੇਠ ਪੇਂਡੂ ਰਵਾਇਤ ਦੇ ਟੀ-ਸਟਾਲ ਬਣੇ ਹਨ, ਜਿੱਥੇ ਤੁਸੀਂ ਚਾਹ ਦਾ ਆਨੰਦ ਲੈ ਸਕਦੇ ਹੋ, ਇਸ ਦੇ ਇਲਾਵਾ ਇਕ ਰੈਸਟੋਰੈਂਟ ਵੀ ਹੈ, ਜਿੱਥੇ ਤੁਸੀਂ ਭੋਜਨ ਕਰ ਸਕਦੇ ਹੋ । ਭਾਵ ਪਿੰਡ 'ਚ ਸ਼ਹਿਰ ਜਿਹੀ ਸਹੂਲਤ ਹੈ ।

**ਕਿਸ ਤਰ੍ਹਾਂ ਪਹੁੰਚੀਏ**

ਮਾਵਲਿਨਨਾਂਗ ਪਿੰਡ ਮੇਘਾਲਯ ਦੀ ਰਾਜਧਾਨੀ ਸ਼ਿਲਾਂਗ ਤੋਂ 90 ਕਿਲੋਮੀਟਰ ਅਤੇ ਮਾਨਸੂਨ ਦੌਰਾਨ ਬਹੁਤ ਵੱਧ ਬਾਰਿਸ਼ ਲਈ ਪ੍ਰਸਿੱਧ ਚੇਰਾਪੂੰਜੀ ਤੋਂ 92 ਕਿਲੋਮੀਟਰ ਦੂਰ ਸਥਿਤ ਹੈ । ਮਾਵਲਿਨਨਾਂਗ ਦਾ ਨੇੜਲਾ ਹਵਾਈ ਅੱਡਾ ਸ਼ਿਲਾਂਗ ਹੈ । ਸੜਕ ਮਾਰਗ ਤੋਂ ਸ਼ਿਲਾਂਗ ਤੋਂ ਕੈਬ ਅਤੇ ਟੈਕਸੀ ਵੀ ਉਪਲਬਧ ਹੈ । ਤੁਸੀਂ ਕਿਸੇ ਰਸਤੇ ਵੀ ਇੱਥੇ ਆ ਸਕਦੇ ਹੋ ਤੇ ਤੁਹਾਡੇ ਇਥੇ ਰਹਿਣ ਤੇ ਖਾਣ-ਪੀਣ ਲਈ ਚੰਗੇ ਸਾਧਨ ਮੌਜੂਦ ਹਨ । ਇਸੇ ਖਾਸੀਅਤ ਕਰਕੇ ਇਹ ਪਿੰਡ ਪੂਰੇ ਭਾਰਤ ਵਿਚ ਪ੍ਰਸਿੱਧ ਹੋ ਚੁੱਕਾ ਹੈ ।



ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਵੱਟਸਐਪ ਰਾਹੀਂ ਫਰੀ ਸਰਵਿਸ ਪਾਓ।

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info

KHETI DUNIYAN
An Exclusive Agril. Weekly

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਮੋ. 90410-14575 ਈ-ਮੇਲ : khetiduniyan1983@gmail.com

# ਗਰਮੀਆਂ ਦੀਆਂ ਸਬਜ਼ੀਆਂ ਲਗਾਉਣ ਲਈ ਫਰਵਰੀ ਮਾਰਚ ਢੁੱਕਵਾਂ ਸਮਾਂ



ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ
ਬਾਗਬਾਨੀ (ਰਿਟਾਇਰਡ)
ਪਟਿਆਲਾ ।
ਮੋ : 75080-18903

ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਘਰੇਲੂ ਪੱਧਰ 'ਤੇ ਸਬਜ਼ੀਆਂ ਪੈਦਾ ਕਰਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ । ਜੇਕਰ ਅਸੀਂ ਆਪਣੇ ਪੱਧਰ ਤੇ ਸਬਜ਼ੀਆਂ ਪੈਦਾ ਕਰਦੇ ਹਾਂ ਤਾਂ ਇਸ ਨਾਲ ਸਾਨੂੰ ਆਰਥਿਕ ਤੌਰ 'ਤੇ ਲਾਭ ਤਾਂ ਮਿਲਦਾ ਹੀ ਹੈ ਅਤੇ ਇਸ ਨਾਲ ਸਾਡੀ ਸਿਹਤ ਵੀ ਨਾਮੁਰਾਦ ਬਿਮਾਰੀਆਂ ਤੋਂ ਬਚ ਸਕਦੀ ਹੈ, ਜਿਸ ਕਰਕੇ ਬਿਮਾਰੀਆਂ ਤੇ ਹੋਣ ਵਾਲੇ ਖਰਚੇ ਤੋਂ ਵੀ ਬਚਾਅ ਹੋ ਸਕਦਾ ਹੈ । ਉਪਰਕਤ ਤੋਂ ਬਿਨਾਂ ਸਾਡਾ ਵਿਹਲਾ ਸਮਾਂ ਵੀ ਵਧੀਆ ਤਰੀਕੇ ਨਾਲ ਬਤੀਤ ਹੋ ਸਕੇਗਾ ਅਤੇ ਸਰੀਰਕ ਕਸਰਤ ਵੀ ਹੋਵੇਗੀ । ਵਪਾਰਕ ਪੱਧਰ ਤੇ ਸਬਜ਼ੀਆਂ ਪੈਦਾ ਕਰਨ ਵਾਲੇ ਕਈ ਕਿਸਾਨ ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਪਰੇਅ ਸਬੰਧੀ ਸਿਫਾਰਿਸ਼ਾਂ ਨੂੰ ਅਣਗੌਲਿਆਂ ਕਰਕੇ ਦੁਕਾਨਦਾਰਾਂ ਦੇ ਕਹਿਣ ਅਨੁਸਾਰ ਸਪਰੇਅ ਕਰ ਦਿੰਦੇ ਹਨ, ਜਿਨ੍ਹਾਂ ਦਵਾਈਆਂ ਦਾ Residue effect ਬਹੁਤ ਦੇਰ ਤੱਕ ਰਹਿੰਦਾ ਹੈ ਅਤੇ ਉਹ ਦਵਾਈ ਸਿਫਾਰਿਸ਼ ਵੀ ਨਹੀਂ ਕੀਤੀ ਹੁੰਦੀ ।

ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ੀਅਨ, ਹੈਦਰਾਬਾਦ ਅਨੁਸਾਰ ਹਰੇਕ ਵਿਅਕਤੀ ਨੂੰ ਰੋਜ਼ਾਨਾ 300 ਗ੍ਰਾਮ ਸਬਜ਼ੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਸ ਵਿਚ 120 ਗ੍ਰਾਮ ਪੱਤਿਆਂ ਵਾਲੀਆਂ ਸਬਜ਼ੀਆਂ, 90 ਗ੍ਰਾਮ ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ 90 ਗ੍ਰਾਮ ਹੋਰ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਗਰਮੀ/ਸਰਦੀ ਦੀਆਂ ਸਬਜ਼ੀ ਮਿੰਨੀ ਕਿੱਟਾਂ ਬਹੁਤ ਹੀ ਵਾਜਿਬ ਰੇਟ 'ਤੇ ਸਪਲਾਈ ਕੀਤੀਆਂ ਜਾਂਦੀਆਂ ਹਨ, ਜਿਸ ਵਿੱਚ 8-10 ਤਰ੍ਹਾਂ ਦੇ ਬੀਜ ਹੁੰਦੇ ਹਨ । ਇਹ ਬੀਜ 3 ਮਰਲੇ ਰਕਬੇ ਵਿੱਚ ਬੀਜੇ ਜਾ ਸਕਦੇ ਹਨ ਅਤੇ ਪੈਦਾ ਹੋਣ ਵਾਲੀ ਸਬਜ਼ੀ ਘਰ ਦੇ 4-5 ਪਰਿਵਾਰਿਕ ਮੈਂਬਰਾਂ ਲਈ ਕਾਫੀ ਹੁੰਦੀ ਹੈ । ਇਨ੍ਹਾਂ ਸੀਜ਼ਨਲ ਸਬਜ਼ੀਆਂ ਤੋਂ ਅਸੀਂ ਲੋੜ ਅਨੁਸਾਰ ਵਿਟਾਮਿਨ, ਮਿਨਰਲ ਅਤੇ ਐਂਟੀ-ਆਕਸੀਡੈਂਟ ਤੱਤ ਪ੍ਰਾਪਤ ਕਰ ਸਕਦੇ ਹਨ। ਵਧੀਆ ਕੁਆਲਿਟੀ ਦੀ ਸਬਜ਼ੀ ਪੈਦਾ ਕਰਨ ਲਈ 400 ਕਿਲੋਗ੍ਰਾਮ ਗਲੀ-ਸੜੀ ਰੂੜੀ ਦੀ ਖਾਦ/ 100 ਕਿਲੋਗ੍ਰਾਮ ਗੰਡੋਇਆਂ ਦੀ ਖਾਦ ਪ੍ਰਤੀ 25 ਵਰਗਮੀਟਰ ਵਿਚ ਵਰਤੋਂ ਕਰਨੀ ਚਾਹੀਦੀ ਹੈ । ਨਦੀਨਾਂ ਦੀ ਰੋਕਥਾਮ ਲਈ ਪਰਾਲੀ ਦੀ ਮਲਚਿੰਗ ਕੀਤੀ ਜਾ ਸਕਦੀ ਹੈ, ਜਿਸ ਨਾਲ ਸਬਜ਼ੀਆਂ ਨੂੰ ਘੱਟ ਪਾਣੀ ਦੇਣ ਦੀ ਲੋੜ ਪਵੇਗੀ । ਗਰਮੀ ਦੀਆਂ ਵੱਖ-ਵੱਖ ਸਬਜ਼ੀਆਂ ਬਾਰੇ ਜਾਣਕਾਰੀ ਸਾਰਣੀ-1 ਅਨੁਸਾਰ ਦਿੱਤੀ ਜਾਂਦੀ ਹੈ ।

| ਲ. ਨੰ. | ਸਬਜ਼ੀ ਦਾ ਨਾਂ | ਬਿਜਾਈ ਦਾ ਸਮਾਂ | ਬੀਜਣ ਦਾ ਢੇਸ | ਬੀਜ ਦੀ ਮਾਤਰਾ ਪ੍ਰਤੀ 25 ਵ. ਮੀ. (1 ਮਰਲਾ) | ਲਾਈਨ ਤੋਂ ਲਾਈਨ ਦਾ ਫਾਸਲਾ | ਪੌਦੇ ਤੋਂ ਪੌਦੇ ਦਾ ਫਾਸਲਾ |
|---|---|---|---|---|---|---|
| 1. | ਲੌਕੀ/ਘੀਆ | ਫਰਵਰੀ-ਮਾਰਚ<br>ਜੂਨ-ਜੁਲਾਈ | ਬੈੱਡ ਤੇ | 12 ਗਰਾਮ | 200-250 ਸੈਂ. ਮੀ. | 45-60 ਸੈਂ. ਮੀ. |
| 2. | ਚੱਪਣ ਕੱਦੂ | ਅੱਧ ਜਨਵਰੀ ਤੋਂ ਮਾਰਚ<br>ਅਕਤੂਬਰ-ਨਵੰਬਰ | ਬੈੱਡ ਤੇ | 12 ਗਰਾਮ | 125 ਸੈਂ. ਮੀ. | 45 ਸੈਂ. ਮੀ. |
| 3. | ਕਾਲੀ ਤੋਰੀ | ਅੱਧ ਫਰਵਰੀ ਤੋਂ ਮਾਰਚ<br>ਅੱਧ ਮਈ-ਜੁਲਾਈ | ਬੈੱਡ ਤੇ | 12 ਗਰਾਮ | 300 ਸੈਂ. ਮੀ. | 90 ਸੈਂ. ਮੀ. |
| 4. | ਖਰਬੂਜ਼ਾ | ਫਰਵਰੀ-ਮਾਰਚ<br>ਜੂਨ-ਜੁਲਾਈ | ਬੈੱਡ ਤੇ | 10 ਗਰਾਮ | 150 ਸੈਂ. ਮੀ. | 45 ਸੈਂ. ਮੀ. |
| 5. | ਕਰੇਲਾ | ਫਰਵਰੀ-ਮਾਰਚ<br>ਜੂਨ-ਜੁਲਾਈ | ਬੈੱਡ ਤੇ | 60 ਗਰਾਮ | 150 ਸੈਂ. ਮੀ. | 45 ਸੈਂ. ਮੀ. |
| 6. | ਲੋਬੀਆ | ਫਰਵਰੀ-ਮਾਰਚ<br>ਜੂਨ-ਜੁਲਾਈ | ਬੈੱਡ ਤੇ | 60 ਗਰਾਮ | 45 ਸੈਂ. ਮੀ. | 15 ਸੈਂ. ਮੀ. |
| 7. | ਭਿੰਡੀ | ਫਰਵਰੀ-ਮਾਰਚ<br>ਜੂਨ-ਜੁਲਾਈ | ਬੈੱਡ ਤੇ | 60 ਗਰਾਮ | 150 ਸੈਂ. ਮੀ. | 15 ਸੈਂ. ਮੀ. |
| 8. | ਤਰ | ਫਰਵਰੀ-ਮਾਰਚ | ਬੈੱਡ ਤੇ | 6 ਗਰਾਮ | 250 ਸੈਂ. ਮੀ. | 60 ਸੈਂ. ਮੀ. |
| 9. | ਖੀਰਾ | ਫਰਵਰੀ-ਮਾਰਚ | ਬੈੱਡ ਤੇ | 6 ਗਰਾਮ | 250 ਸੈਂ. ਮੀ. | 60 ਸੈਂ. ਮੀ. |
| 10. | ਮਿਰਚ | ਫਰਵਰੀ-ਮਾਰਚ (ਪਨੀਰੀ) | ਵੱਟਾਂ ਤੇ | 1.25 ਗਰਾਮ | 75 ਸੈਂ. ਮੀ. | 45 ਸੈਂ. ਮੀ. |
| 11. | ਸ਼ਿਮਲਾ ਮਿਰਚ | ਅੱਧ ਫਰਵਰੀ (ਪਨੀਰੀ) | ਵੱਟਾਂ ਤੇ | 1.25 ਗਰਾਮ | 60 ਸੈਂ. ਮੀ. | 30 ਸੈਂ. ਮੀ. |
| 12. | ਬੈਂਗਣ | ਅੱਧ-ਅਗਸਤ (ਪਨੀਰੀ) | ਵੱਟਾਂ ਤੇ | 2 ਗਰਾਮ | 60 ਸੈਂ. ਮੀ. | 30 ਸੈਂ. ਮੀ. |
| 13. | ਪਿਆਜ਼ | ਅੱਧ ਜੂਨ-ਅਗਸਤ (ਪਨੀਰੀ) | ਬੈੱਡ ਤੇ | 32 ਗਰਾਮ | 15 ਸੈਂ. ਮੀ. | 7.5 ਸੈਂ. ਮੀ. |



**ਕੀੜੇ ਮਕੌੜੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਹੇਠ ਲਿਖੇ ਅਨੁਸਾਰ ਆਰਗੈਨਿਕ ਬਚਾਅ ਕੀਤੇ ਜਾ ਸਕਦੇ ਹਨ :**

1. ਹੋ ਸਕੇ ਤਾਂ ਸਬਜ਼ੀਆਂ ਨੈੱਟ ਹਾਊਸ ਵਿਚ ਪੈਦਾ ਕੀਤੀਆਂ ਜਾਣ ।

2. ਚਿੱਟੀ ਮੱਖੀ, ਥਰਿਪ ਅਤੇ ਰਸ-ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ ਪੀਲੇ ਰੰਗ ਦੇ 6"×11" ਸਾਈਜ਼ ਦੇ ਸਟਿਕੀ ਟਰੈਪ ਲਗਾ ਦੇਣੇ ਚਾਹੀਦੇ ਹਨ ।

3. ਵਾਇਰਸ ਦੀਆਂ ਬੀਮਾਰੀਆਂ ਤੋਂ ਬਚਾਅ ਲਈ 1 ਲੀਟਰ ਗਊ-ਮੂਤਰ + 1 ਲਿਟਰ ਦੁੱਧ + 15 ਲੀਟਰ ਪਾਣੀ ਵਿਚ ਪਾ ਕੇ ਸਪਰੇਅ ਕੀਤਾ ਜਾ ਸਕਦਾ ਹੈ ।

4. ਉੱਲੀ ਦੀਆਂ ਬਿਮਾਰੀਆਂ ਤੋਂ ਬਚਾਅ ਲਈ 4 ਦਿਨ ਪੁਰਾਣੀ ਲੱਸੀ, 15 ਲਿਟਰ ਪਾਣੀ ਵਿਚ ਪਾ ਕੇ ਸਪਰੇਅ ਕੀਤੀ ਜਾ ਸਕਦੀ ਹੈ ।

5. ਕੀੜੇ-ਮਕੌੜੇ ਤੋਂ ਬਚਾਅ ਲਈ 2 ਕਿਲੋ ਲਸਣ, 1 ਕਿਲੋ ਅਦਰਕ ਅਤੇ 1 ਕਿਲੋ ਹਰੀ ਮਿਰਚ ਪੀਸ ਕੇ ਅਤੇ ਕੱਪੜ ਛਾਣ ਕਰਕੇ 15 ਲਿਟਰ ਪਾਣੀ ਵਿਚ ਪਾ ਕੇ ਸਪਰੇਅ ਕਰੋ ।

6. ਕੱਦੂ ਜਾਤੀ ਦੇ ਰੈੱਡ ਪੰਪਕਿਨ ਬੀਟਲ ਤੋਂ ਬਚਾਅ ਲਈ 1 ਕਿਲੋ ਸੁਆਹ 20 ਮਿਲੀਲਿਟਰ ਮਿੱਟੀ ਦੇ ਤੇਲ ਵਿਚ ਮਿਕਸ ਕਰਕੇ ਧੂੜ ਦਿਓ ।

7. ਸਿਉਂਕ ਤੋਂ ਬਚਾਅ ਲਈ 20 ਗ੍ਰਾਮ ਹਿੰਗ ਦਾ ਟੁਕੜਾ ਕਪੜੇ ਵਿਚ ਲਪੇਟ ਕੇ ਪਾਣੀ ਵਾਲੀ ਖਾਲ ਵਿਚ ਰੱਖ ਦਿਓ ।

8. ਹੋਰ ਕੀੜੇ-ਮਕੌੜੇ ਤੋਂ ਬਚਾਅ ਲਈ 1 ਕਿਲੋ ਨਿੰਮ ਦੇ ਪੱਤੇ 20 ਲੀਟਰ ਪਾਣੀ ਵਿਚ ਉਬਾਲ ਲਵੋ, ਫਿਰ ਪਾਣੀ ਠੰਡਾ ਹੋਣ ਤੇ 200 ਗ੍ਰਾਮ ਸ਼ੱਕਰ ਪਾ ਦਿਓ ਅਤੇ ਸਪਰੇਅ ਕਰੋ ।

**ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ/ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਬਾਗਬਾਨੀ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ ।**